26

# ਸਮੂਹਿਕ ਕਾਤਲ ਦਾ ਬਪਤਿਸਮਾ

## (9:10-19; 22:10, 12-16; 26:19)

ਕੁਝ ਸਾਲ ਪਹਿਲਾਂ, ਸੀਰੀਅਲ ਕਿੱਲਰ ਜੈਫ਼ਰੀ ਦਾਹਮਰ ਵੱਲੋਂ ਆਪਣੇ ਪਾਪਾਂ ਨੂੰ ਮੰਨਣ ਦੀ ਗੱਲ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਗਈ। ਹਾਲ ਹੀ ਵਿਚ ਉਹਦੇ ਬਪਤਿਸਮੇ ਨਾਲ ਵੀ ਮੀਡੀਆ ਦਾ ਧਿਆਨ ਖਿੱਚਿਆ ਗਿਆ।[1]

ਵਰਜੀਨਿਆ ਵਿਚ ਅਰਲਿੰਗਟਨ ਤੋਂ ਮਸੀਹ ਵਿਚ ਇਕ ਭੈਣ, ਮੇਰੀ ਮਾਟ ਨੇ ਦਾਹਮਰ ਅਤੇ ਉਹਦੇ ਪਿਤਾ ਨਾਲ ਇਕ ਟੀ.ਵੀ. ਇੰਟਰਵਿਊ ਵੇਖਿਆ ਸੀ। ਉਹਨੂੰ ਲੱਗਾ ਕਿ ''ਇਨ੍ਹਾਂ ਦੋਹਾਂ ਦੀਆਂ ਜ਼ਿੰਦਗੀਆਂ ਵਿਚ ਇਕ ਖਾਲੀਪਨ ਹੈ। ਉਹ ਕਿਸੇ ਖੋਜ ਵਿਚ ਹਨ, ਅਤੇ ਉਨ੍ਹਾਂ ਨੂੰ ਪਤਾ ਨਹੀਂ ਹੈ ਕਿ ਕਿਸ ਖੋਜ ਵਿਚ ਹਨ।''[2] ਉਸ ਨੇ ਉਨ੍ਹਾਂ ਨੂੰ ਇਕ ਚਿੱਠੀ, ਵਰਲਡ ਬਾਈਬਲ ਸਕੂਲ ਦਾ ਡਾਕ ਕੋਰਸ ਅਤੇ ਇਕ ਬਾਈਬਲ ਭੇਜ ਦਿੱਤੀ। ਲਗਭਗ ਉਸੇ ਦੌਰਾਨ, ਓਕਲਾਹੋਮਾ ਕ੍ਰੇਸੈਂਟ ਤੋਂ ਇਕ ਭਾਈ, ਕਰਟਿਸ ਬੂਥ ਨੇ ਦਾਹਮਰ ਨੂੰ ਇਕ ਬਾਈਬਲ ਕੋਰਸ ਭੇਜਿਆ। ਦਾਹਮਰ ਨੇ ਦੋਵੇਂ ਕੋਰਸ ਪੂਰੇ ਕਰਕੇ ਮਾਟ ਅਤੇ ਬੂਥ ਦੋਹਾਂ ਨੂੰ ਬਪਤਿਸਮਾ ਲੈਣ ਦੀ ਆਪਣੀ ਇੱਛਾ ਲਿਖ ਦਿੱਤੀ।

ਵਿਸਕੌਨਸਿਨ ਰਾਜ ਵਿਚ ਮੈਡੀਸਨ ਨਾਮਕ ਥਾਂ ਦੀ ਪ੍ਰਭੂ ਦੀ ਕਲੀਸੀਆ ਦੇ ਇਕ ਪ੍ਰਚਾਰਕ, ਰੌਏ ਰੈਟਕਲਿੱਫ਼ ਨਾਲ ਸੰਪਰਕ ਕੀਤਾ ਗਿਆ। ਦਾਹਮਰ ਨਾਲ ਗੱਲ ਕਰਨ ਅਤੇ ਜ਼ਰੂਰੀ ਪ੍ਰਬੰਧ ਕਰਨ ਦੇ ਬਾਅਦ ਉਹਨੇ ਉਸ ਨੂੰ ਜੇਲ੍ਹ ਅੰਦਰ ਹੀ ਪਾਣੀ ਨਾਲ ਭਰੇ ਟੱਬ ਵਿਚ ਬਪਤਿਸਮਾ ਦਿੱਤਾ। ਅਗਲੇ ਕਈ ਮਹੀਨਿਆਂ ਤਕ, ਰੈਟਕਲਿੱਫ਼ ਦਾਹਮਰ ਨਾਲ ਬਾਈਬਲ ਅਧਿਐਨ ਕਰਦੇ ਰਹੇ। ਰੈਟਕਲਿੱਫ਼ ਨੇ ਹਾਲ ਹੀ ਵਿਚ ਲਿਖਿਆ:

> ਲਗਭਗ ਹਰ ਕੋਈ ਜੈਫ਼ ਦੀ ਇਮਾਨਦਾਰੀ ਤੇ ਸ਼ੱਕ ਕਰਦਾ ਹੈ। ਪਰ ਮੈਂ ਉੱਥੇ ਹੀ ਸਾਂ, ਅਤੇ ਸ਼ੱਕ ਕਰਨ ਵਾਲੇ ਇਹ ਲੋਕ ਉੱਥੇ ਨਹੀਂ ਸਨ ... । ਮੈਂ ਇਸ ਗੱਲ ਦਾ ਕਾਇਲ ਹਾਂ ਕਿ ਉਹਨੇ ਪੂਰੇ ਦਿਲੋਂ ਹੋ ਕੇ ਚਾਹਿਆ ਸੀ ... । ਉਹਨੇ ਇਹ ਗੱਲ ਮੰਨੀ ਸੀ ਕਿ ਉਹ ਜੇਲ੍ਹ ਵਿਚ ਹੀ ਮਰ ਜਾਵੇਗਾ। ਬਪਤਿਸਮਾ ਲੈਣ ਨਾਲ ਜੈਫ਼ ਨੂੰ ਇਸ ਜ਼ਿੰਦਗੀ ਵਿਚ ਕੁਝ ਵੀ ਮਿਲਣ ਵਾਲਾ ਨਹੀਂ ਸੀ ਭਾਵ; ਉਹਨੂੰ ਉਹ ਸਭ ਕੁਝ ਅਗਲੇ ਜੀਵਨ ਵਿਚ ਮਿਲਣ ਵਾਲਾ ਸੀ।[3]

ਥੈਂਕਸ ਗਿਵਿੰਗ [ਅਮਰੀਕਾ ਵਿਚ ਨਵੰਬਰ ਦੇ ਚੌਥੇ ਵੀਰਵਾਰ ਦੇਸ਼ ਭਰ ਵਿਚ ਮਨਾਇਆ ਜਾਣ ਵਾਲਾ ਦਿਨ-ਅਨੁਵਾਦਕ] ਦੇ ਇਕ ਦਿਨ ਪਹਿਲਾਂ ਰੈਟਕਲਿੱਫ਼ ਨੇ ਦਾਹਮਰ ਨਾਲ

ਬਾਈਬਲ ਅਧਿਐਨ ਕੀਤਾ ਸੀ। 28 ਨਵੰਬਰ 1994 ਨੂੰ ਪੰਜ ਦਿਨਾਂ ਬਾਅਦ, ਉਹਦੇ ਇਕ ਸਾਥੀ ਕੈਦੀ ਨੇ ਦਾਹਮਰ ਨੂੰ ਐਨਾ ਕੁੱਟਿਆ ਕਿ ਉਹਦੀ ਮੌਤ ਹੋ ਗਈ।

ਮੇਰੀ ਮਾਟ ਤੋਂ ਇਹ ਸਵਾਲ ਪੁੱਛਿਆ ਗਿਆ ਕਿ ਉਹਦੇ ਖਿਆਲ ਵਿਚ ਦਾਹਮਰ ਨੂੰ ਮੁਕਤੀ ਮਿਲੀ ਸੀ ਜਾਂ ਨਹੀਂ। ''ਮੇਰਾ ਮੰਨਣਾ ਹੈ ਕਿ ਮਸੀਹੀ ਲੋਕਾਂ ਨੂੰ ਇਹ ਸਮਝਾਉਣ ਵਿਚ ਪੌਲੁਸ ਨੂੰ ਬੜੀ ਮੁਸ਼ਕਲ ਆਈ ਸੀ ਕਿ ਉਹ ਬਦਲ ਚੁੱਕਿਆ ਹੈ,'' ਜਵਾਬ ਦਿੰਦਿਆਂ ਉਹਨੇ ਕਿਹਾ, ''ਪਰ ਅੱਜ ਅਸੀਂ ਉਹਦੀ ਈਮਾਨਦਾਰੀ ਤੇ ਸ਼ੱਕ ਨਹੀਂ ਕਰਦੇ।''[4]

ਜੈੱਫ਼ਰੀ ਦਾਹਮਰ ਅਤੇ ਪੌਲੁਸ ਰਸੂਲ, ਭਲਾ ਇਨ੍ਹਾਂ ਦੋਹਾਂ ਵਿਚ ਕੁਝ ਸਮਾਨਤਾਵਾਂ ਹੋ ਸਕਦੀਆਂ ਹਨ? ਪਹਿਲਾਂ ਤਾਂ ਅਸੀਂ ਬੜੇ ਜ਼ੋਰ ਨਾਲ ਕਹਿੰਦੇ ਹਾਂ, ''ਨਹੀਂ!'' ਇਕ ਸਮੂਹਕ ਕਾਤਲ ਜਿਸ ਨੇ ਐਨੇ ਘਟੀਆ ਕੰਮ ਕੀਤੇ ਹੋਣ, ਦਾ ਮੁਕਾਬਲਾ ਹੁਣ ਤਕ ਦੇ ਸਭ ਤੋਂ ਮਹਾਨ ਲੋਕਾਂ ਵਿੱਚੋਂ ਇਕ ਨਾਲ ਕਰਨਾ ਉਹਦੀ ਬੇਇੱਜ਼ਤੀ ਲਗਦਾ ਹੈ। ਫਿਰ ਅਸੀਂ ਯਾਦ ਕਰਦੇ ਹਾਂ ਕਿ ਪੌਲੁਸ ਨੇ ਆਪਣੇ ਆਪ ਨੂੰ ਪਾਪੀਆਂ ਵਿੱਚੋਂ *''ਸਭ ਤੋਂ ਵੱਡਾ''* ਕਿਹਾ ਸੀ (1 ਤਿਮੋਥਿਉਸ 1:15)।

ਦਾਹਮਰ ਅਤੇ ਪੌਲੁਸ ਵਿਚ ਕਈ ਸਮਾਨਤਾਵਾਂ ਵੇਖੀਆਂ ਜਾ ਸਕਦੀਆਂ ਹਨ: ਦੋਵੇਂ ਹੀ ਕਈ ਬੇਕਸੂਰ ਲੋਕਾਂ ਨੂੰ ਮਾਰਨ ਲਈ ਜ਼ਿੰਮੇਵਾਰ ਸਨ। ਉਨ੍ਹਾਂ ਦੀ ਮਨਬਦਲੀ ਅਕਲਪਿਤ ਅਤੇ ਹੈਰਾਨ ਕਰਨ ਵਾਲੀ ਸੀ। ਦੋਹਾਂ ਨੂੰ ਹੀ ਲੋਕਾਂ ਨੂੰ ਇਹ ਯਕੀਨ ਦੁਆਉਣ ਵਿਚ ਮੁਸ਼ਕਲ ਆਈ ਸੀ ਕਿ ਉਹ ਬਦਲ ਚੁੱਕੇ ਹਨ। ਉਨ੍ਹਾਂ ਦੇ ਬਪਤਿਸਮੇ ਦੇ ਬਾਅਦ ਵੀ ਲੋਕਾਂ ਨੇ ਉਨ੍ਹਾਂ ਦੀ ਮੌਤ ਚਾਹੀ ਸੀ। ਪਰ, ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਦੋਹਾਂ ਦੀ ਮਨਬਦਲੀ ਤੋਂ ਇਹ ਸਾਬਤ ਹੁੰਦਾ ਹੈ ਕਿ ਖ਼ੁਦਾ ਲਈ ਕੁਝ ਵੀ ''ਨਾਮੁਮਕਨ'' ਨਹੀਂ ਹੈ। ਜੇ ਦਾਹਮਰ ਅਤੇ ਪੌਲੁਸ ਬਚਾਏ ਜਾ ਸਕਦੇ ਹਨ, ਤਾਂ *ਕੋਈ ਵੀ* ਬਚਾਇਆ ਜਾ ਸਕਦਾ ਹੈ!

ਪਿਛਲੇ ਪਾਠ ਵਿਚ ਅਸੀਂ (1) ਅਡੋਲ ਵਿਸ਼ਵਾਸ (ਸੌਲੁਸ ਦਾ ਵਿਸ਼ਵਾਸ ਕਿ ਉਹਨੂੰ ਮਸੀਹੀਅਤ ਦਾ ਸਫ਼ਾਇਆ ਕਰ ਦੇਣਾ ਚਾਹੀਦਾ ਹੈ), (2) ਅਕਲਪਿਤ ਸਾਹਮਣਾ (ਜਦ ਯਿਸੂ ਨੇ ਰਾਹ ਵਿਚ ਉਹਨੂੰ ਦਰਸ਼ਣ ਦਿੱਤਾ), ਅਤੇ (3) ਇਕ ਅਨੋਖੀ ਚੁਣੌਤੀ (ਜਦ ਯਿਸੂ ਨੇ ਸੌਲੁਸ ਨੂੰ ਪਰਾਈਆਂ ਕੌਮਾਂ ਵਿਚ ਖੁਸ਼ਖ਼ਬਰੀ ਲਿਜਾਣ ਦੀ ਚੁਣੌਤੀ ਦਿੱਤੀ) ਵੇਖਿਆ ਸੀ। ਅਖ਼ੀਰ ਵਿਚ ਅਸੀਂ ਵੇਖਿਆ ਸੀ ਕਿ ਉਸ ਰੌਸ਼ਨੀ ਨਾਲ ਸੌਲੁਸ ਅੰਨ੍ਹਾ ਹੋ ਚੁੱਕਿਆ ਸੀ ਅਤੇ ਉਹਨੂੰ ਦਮਿਸ਼ਕ ਵਿਚ ਸਿੱਧੀ ਨਾਮਕ ਗਲੀ ਵਿਚ ਇਕ ਘਰ ਵਿਚ ਪਹੁੰਚਾਇਆ ਗਿਆ ਸੀ। ਆਓ ਉੱਥੋਂ ਹੀ ਕਹਾਣੀ ਨੂੰ ਅੱਗੇ ਤੋਰਦੇ ਹਾਂ।

## ਹਿੰਮਤ ਹਾਰਿਆ ਹੋਇਆ ਮਸੀਹੀ (9:10-17; 22:10, 12-16)

ਪ੍ਰਭੂ ਨੇ ਸੌਲੁਸ ਨੂੰ ਤਿੰਨ ਦਿਨ ਤਕ ਰੂਹਾਨੀ ਅਤੇ ਦਿਮਾਗ਼ੀ ਹਨੇਰੇ ਵਿਚ ਰੱਖਿਆ[5] ਕਿਉਂ? ਰਸੂਲਾਂ ਦੇ ਕੰਮ ਕਿਤਾਬ ਵਿਚ ਕਿਸੇ ਵੀ ਪਸ਼ਚਾਤਾਪੀ ਪਾਪੀ ਨਾਲ ਇਹੋ ਜਿਹਾ ਸਲੂਕ ਨਹੀਂ ਕੀਤਾ ਗਿਆ, ਸੋ ਜ਼ਰੂਰ ਹੀ ਕੋਈ ਵਜ੍ਹਾ ਰਹੀ ਹੋਵੇਗੀ।[6] ਹੋ ਸਕਦਾ ਹੈ ਕਿ ਪ੍ਰਭੂ ਨੇ ਸੌਲੁਸ ਨੂੰ ਸਮਰਪਣ ਦਾ ''ਹਿਸਾਬ'' ਲਾਉਣ ਲਈ ਇਕੱਲੇ ਛੱਡ ਦਿੱਤਾ ਹੋਵੇ (ਤੁਲਨਾ ਕਰੋ ਲੂਕਾ 14:28); *ਜੋ ਕੁਝ ਵੀ* ਉਹਦੇ ਲਈ ਕੀਮਤੀ ਸੀ, ਉਹ ਸਭ ਉਹਨੂੰ ਕੁਰਬਾਨ ਕਰਨਾ ਪੈਣਾ ਸੀ (ਤੁਲਨਾ ਫ਼ਿਲਿੱਪੀਆਂ 3:7)। ਹੋ ਸਕਦਾ ਹੈ ਕਿ ਪ੍ਰਭੂ ਨੇ ਯਹੂਦੀਆਂ ਨੂੰ ਸੌਲੁਸ ਦਾ ਅੰਨ੍ਹਾਪਣ ਵੇਖਣ ਦਾ ਮੌਕਾ ਦਿੱਤਾ ਤਾਂ ਜੋ ਜਦ ਉਹ ਪੂਰੀ ਤਰ੍ਹਾਂ ਬਦਲ ਜਾਵੇ ਤਾਂ ਉਹ ਹੋਰ ਵੀ ਪ੍ਰਭਾਵਿਤ ਹੋ ਸਕਣ।[7]

ਮੈਂ ਕਹਿੰਦਾ ਹੁੰਦਾ ਸਾਂ ਕਿ ਇਕ ਜ਼ਾਲਮ ਸਤਾਉਣ ਵਾਲੇ ਤਕ ਪਹੁੰਚਣ ਲਈ ਇਕ ਬਹਾਦਰ ਪ੍ਰਚਾਰਕ ਨੂੰ ਲੱਭਣ ਵਿਚ ਪ੍ਰਭੂ ਨੂੰ ਤਿੰਨ ਦਿਨ ਲੱਗ ਗਏ ਸਨ। ਇਹ ਮੈਂ ਮਜ਼ਾਕ ਵਿਚ ਕਹਿੰਦਾ ਸਾਂ, ਕਿਉਂਕਿ ਜੇ ਪ੍ਰਭੂ ਚਾਹੁੰਦਾ ਤਾਂ ਉਹ ਰਾਹ ਵਿਚ ਖੋਜੇ ਦੀ ਉਡੀਕ ਵਿਚ ਇਕ ਪ੍ਰਚਾਰਕ ਨੂੰ ਭੇਜਣ ਵਾਂਗ ਦਮਿਸ਼ਕ ਦੇ ਬਾਹਰ ਹੀ ਕਿਸੇ ਪ੍ਰਚਾਰਕ ਤੋਂ ਉਡੀਕ ਕਰਵਾ ਸਕਦਾ ਸੀ। ਇਹ ਸੱਚ ਹੈ ਕਿ ਅਖ਼ੀਰ ਜਦ ਪ੍ਰਭੂ ਪ੍ਰਚਾਰਕ ਕੋਲ ਪਹੁੰਚਿਆ,[8] ਤਾਂ ਉਹ ਸੌਲੁਸ ਕੋਲ ਜਾਣ ਵਿਚ ਜੱਕੋ ਤੱਕੇ ਕਰ ਰਿਹਾ ਸੀ।

''ਦਮਿਸ਼ਕ ਵਿਚ ਹਨਨਿਯਾਹ ਨਾਉਂ[9] ਦਾ ਇਕ ਚੇਲਾ ਸੀ। ਉਹ ਨੂੰ ਪ੍ਰਭੂ [ਯਿਸੂ (ਵੇਖੋ ਆਇਤ 15)] ਨੇ ਦਰਸ਼ਣ ਦੇ ਕੇ ਕਿਹਾ, ਹੇ ਹਨਨਿਯਾਹ! ਉਸ ਆਖਿਆ, ਪ੍ਰਭੂ ਜੀ ਵੇਖ, ਮੈਂ ਹਾਜ਼ਰ ਹਾਂ'' (9:10)। ਪ੍ਰਮੇਸ਼ਵਰ ਦੇ ਇਸ ਆਗਿਆਕਾਰ ਬਾਲਕ ਨੂੰ ਅਧਿਆਇ 5 ਵਿਚ ਧਨ ਨਾਲ ਪਿਆਰ ਕਰਨ ਵਾਲਾ ਹਨਨਿਯਾਹ ਨਾ ਸਮਝ ਲੈਣਾ। ਇਹ ਹਨਨਿਯਾਹ ''ਸ਼ਰ੍ਹਾ ਦੀ ਰੀਤ ਮੂਜਬ ਭਗਤ ਲੋਕ ਸੀ ਅਤੇ ਸਾਰੇ ਯਹੂਦੀਆਂ ਵਿਚ ਜਿਹੜੇ ਉੱਥੇ ਰਹਿੰਦੇ ਸਨ ਨੇਕਨਾਮ ਸੀ'' (22:12)।[10] ਜਦ ਯਿਸੂ ਨੇ ਉਸ ਨੂੰ ਦਰਸ਼ਣ ਦਿੱਤਾ, ਤਾਂ ਉਸ ਨੇ ਪਹਿਲਾਂ ਤਾਂ ਹਾਂ ਵਿਚ ਜਵਾਬ ਦਿੱਤਾ, ''ਪ੍ਰਭੂ ਜੀ ਵੇਖ, ਮੈਂ ਹਾਜ਼ਰ ਹਾਂ।'' (ਤੁਲਨਾ 1 ਸਮੂਏਲ 3:1-18; ਯਸਾਯਾਹ 6:8-13।) ਮੈਂ ਕਲਪਨਾ ਕਰ ਸਕਦਾ ਹਾਂ ਕਿ ਹਨਨਿਯਾਹ ਪ੍ਰਭੂ ਦੇ ਹੁਕਮਾਂ ਨੂੰ ਲਿਖਣ ਲਈ ਇਕ ਕਲਮ ਅਤੇ ਕਾਗਜ਼ ਕੱਢ ਲੈਂਦਾ ਹੈ।[11]

ਯਿਸੂ ਕਹਿਣ ਲੱਗਾ, ''ਉੱਠ ਅਤੇ ਉਸ ਗਲੀ ਵਿਚ ਜੋ ਸਿੱਧੀ ਕਹਾਉਂਦੀ ਹੈ ਜਾਹ'' (9:11)।

ਹਨਨਿਯਾਹ ਨੇ ਲਿਖ ਲਿਆ। ''ਗਲੀ ਜੋ ਸਿੱਧੀ ਕਹਾਉਂਦੀ ਹੈ। ਠੀਕ ਹੈ, ਪ੍ਰਭੂ।''

''ਅਤੇ ਯਹੂਦਾ ਦੇ ਘਰ ਵਿਚ'' (9:11)।

''ਯਹੂਦਾ ਦਾ ਘਰ। ਲਿਖ ਲਿਆ।''

''... ਤਰਸੁਸ ਦੇ ਰਹਿਣ ਵਾਲੇ ਦੇ ਲਈ ਪੁੱਛ ...'' (9:11)।

ਮੈਂ ਕਲਪਨਾ ਕਰਦਾ ਹਾਂ ਕਿ ਹਨਨਿਯਾਹ ਝਿਜਕ ਰਿਹਾ ਹੈ, ਪਰ ਫਿਰ ਜਵਾਬ ਦਿੰਦਾ ਹੈ: ''ਤਰਸੁਸ ਦੇ ਰਹਿਣ ਵਾਲੇ ਦੇ ਲਈ। ਜੀ, ਠੀਕ ਹੈ।''

''... ਸੌਲੁਸ ਨਾਮੇ ... ਕਿਉਂਕਿ ਵੇਖ ਉਹ ਪ੍ਰਾਰਥਨਾ ਕਰਦਾ ਹੈ। ਅਤੇ ਉਸ ਨੇ ਹਨਨਿਯਾਹ ਨਾਮੇ ਇਕ ਮਨੁੱਖ ਨੂੰ ਅੰਦਰ ਆਉਂਦਿਆਂ ਅਤੇ ਆਪਣੇ ਉੱਤੇ ਹੱਥ ਰੱਖਦਿਆਂ ਡਿੱਠਾ ਹੈ ਤਾਂ ਜੋ ਫੇਰ ਸੁਜਾਖਾ ਹੋਵੇ'' (9:11, 12)।

ਮੈਂ ਹਨਨਿਯਾਹ ਨੂੰ ਕਲਮ ਰੱਖਦਿਆਂ ਵੇਖਦਾ ਹਾਂ। ''ਸੌਲੁਸ ਨਾਮੇ ...? ਇਸ ਆਦਮੀ ਨੂੰ ਤਾਂ ਮੈਂ ਜਾਣਦਾ ਹਾਂ, ਪ੍ਰਭੂ। ਤੁਹਾਨੂੰ ਇਹਦੇ ਬਾਰੇ ਪਤਾ ਨਹੀਂ ਹੈ!''

> ਹਨਨਿਯਾਹ ਨੇ ਉੱਤਰ ਦਿੱਤਾ ਕਿ ਪ੍ਰਭੂ ਜੀ ਮੈਂ ਬਹੁਤਿਆਂ ਕੋਲੋਂ ਇਸ ਮਨੁੱਖ ਦੀ ਗੱਲ ਸੁਣੀ ਹੈ ਜੋ ਇਹ ਨੇ ਯਰੂਸ਼ਲਮ[12] ਵਿਚ ਤੇਰੇ ਸੰਤਾਂ[13] ਨਾਲ ਕੇਡੀ ਬੁਰਿਆਈ ਕੀਤੀ ਹੈ! ਅਤੇ ਉਸ ਨੇ ਪ੍ਰਧਾਨ ਯਾਜਕਾਂ ਦੀ ਵੱਲੋਂ ਇਸ ਗੱਲ ਦੀ ਮੁਖ਼ਤਿਆਰੀ ਪਾਈ ਹੈ ਭਈ ਇੱਥੇ ਵੀ ਤੇਰੇ ਨਾਮ ਲੈਣ ਵਾਲਿਆਂ ਸਭਨਾਂ ਨੂੰ ਬੰਨ੍ਹ ਲਵੇ[14] (9:13, 14)।

ਪ੍ਰਭੂ ਜਦ ਕੋਈ ਹੁਕਮ ਦਿੰਦਾ ਹੈ ਤਾਂ ਜਵਾਬ ਵਿਚ ਉਹ ''ਨਾਂਹ'' ਨਹੀਂ ਸੁਣਨਾ ਚਾਹੁੰਦਾ। ਯਿਸੂ ਨੇ ''ਜਾਣ'' ਦੇ ਆਪਣੇ ਹੁਕਮ ਨੂੰ ਖੋਲ੍ਹ ਕੇ ਦੱਸਿਆ। ਹਨਨਿਯਾਹ ਨੇ ਸੌਲੁਸ ਨੂੰ ਜ਼ਾਲਮ

ਕਿਹਾ ਸੀ, ਪਰ ਯਿਸੂ ਨੇ ਅਤੀਤ ਦੀ ਬਜਾਏ ਭਵਿੱਖ ਵੱਲ ਵੇਖਿਆ। ਇਕ ਕਾਤਲ ਦੀ ਬਜਾਏ ਯਿਸੂ ਨੇ ਵੇਖਿਆ ਕਿ ''ਉਹ ਮੇਰੇ ਲਈ ਇਕ ਚੁਣਿਆ ਹੋਇਆ ਵਸੀਲਾ[15] ਹੈ ਭਈ ਪਰਾਈਆਂ ਕੌਮਾਂ[16] ਅਤੇ ਰਾਜਿਆਂ ਅਤੇ ਇਸਰਾਏਲ ਦੀ ਵੰਸ ਅੱਗੇ ਮੇਰਾ ਨਾਮ ਪੁਚਾਵੇ। ਕਿਉਂਕਿ ਮੈਂ ਉਸ ਨੂੰ ਵਿਖਾਵਾਂਗਾ ਜੋ ਮੇਰੇ ਨਾਮ ਦੇ ਬਦਲੇ ਉਸ ਨੂੰ ਕੀ ਕੁਝ ਝੱਲਣਾ ਪਵੇਗਾ'' (9:15, 16)।

ਯਿਸੂ ਦੇ ਸ਼ਬਦਾਂ ਤੋਂ ਸੌਲੁਸ ਦੀ ਸੇਵਕਾਈ ਦੇ ''ਮਹਾਂਕਸ਼ਟ ਅਤੇ ਅਨੰਦ''[17] ਦੀ ਰੂਪਰੇਖਾ ਦਿੱਤੀ ਗਈ। ''ਅਨੰਦ'' ਦੀ ਗੱਲ ਇਹ ਸੀ ਕਿ ਉਹਨੂੰ ''ਪਰਾਈਆਂ ਕੌਮਾਂ ਅਤੇ ਰਾਜਿਆਂ ਅਤੇ ਇਸਰਾਏਲ ਦੀ ਅੰਸ ਅੱਗੇ'' ਯਿਸੂ ਦੇ ਨਾਮ ਦੀ ਗਵਾਹੀ ਦੇਣ ਦਾ ਮਾਣ ਹਾਸਲ ਹੋਣਾ ਸੀ। ਪਰਾਈਆਂ ਕੌਮਾਂ ਦਾ ਜ਼ਿਕਰ ਪਹਿਲਾਂ ਆਇਆ ਹੈ ਕਿਉਂਕਿ ਇਹ ਪੌਲੁਸ ਦਾ ਖ਼ਾਸ ਮਿਸ਼ਨ ਸੀ। ਜਿਨ੍ਹਾਂ ਰਾਜਿਆਂ ਸਾਮਹਣੇ ਉਹਨੇ ਜਾਣਾ ਸੀ ਉਨ੍ਹਾਂ ਵਿਚ ਹੈਰੋਦੇਸ ਅਗ੍ਰਿੱਪਾ (ਵੇਖੋ 25:23-26) ਅਤੇ ਨੀਰੋ ਵੀ ਸਨ।[18]

''ਮਹਾਂਕਸ਼ਟ'' ਦਾ ਪਤਾ ਇਨ੍ਹਾਂ ਸ਼ਬਦਾਂ ਵਿਚ ਮਿਲਦਾ ਸੀ ਕਿ ''ਮੈਂ ਉਸ ਨੂੰ ਵਿਖਾਵਾਂਗਾ ਜੋ ਮੇਰੇ ਨਾਮ ਦੇ ਬਦਲੇ ਉਸ ਨੂੰ ਕੀ ਕੁਝ ਝੱਲਣਾ ਪਵੇਗਾ।''[19] ਯਿਸੂ ਦੇ ਸ਼ਬਦਾਂ ਵਿਚ ਅਜੀਬ ਗੱਲ ਇਹ ਸੀ ਕਿ ਜੋ ਆਦਮੀ ਦਮਿਸ਼ਕ ਵਿਚ ਲੋਕਾਂ ਨੂੰ ਸਤਾਉਣ ਲਈ ਆਇਆ ਸੀ, ਉਹਨੂੰ ਹੀ ਸਤਾਅ ਸਹਿਣਾ ਪੈਣਾ ਸੀ। ਸੇਵਾ ਲਈ ਸੱਦਣ ਸਮੇਂ ਬਿਨਾਂ ਕਿਸੇ ਸ਼ੱਕ ਦੇ ਪ੍ਰਭੂ ਸਾਨੂੰ ਤਕਲੀਫ਼ ਝੱਲਣ ਲਈ ਵੀ ਸੱਦਦਾ ਹੈ (2 ਤਿਮੋਥਿਉਸ 3:12)।

ਹਨਨਿਯਾਹ ਨੂੰ ਮਿਲੇ ਪ੍ਰਭੂ ਦੇ ਹੁਕਮ ਤੋਂ ਅੱਗੇ ਵਧਣ ਤੋਂ ਪਹਿਲਾਂ ਆਇਤ 12 ਵਿਚ ਕਈ ਸ਼ਬਦਾਂ ਨੂੰ ਰੇਖਾਂਕਿਤ ਕਰ ਲਓ: ''ਉਸ ਨੇ ... ਇਕ ਮਨੁੱਖ ਨੂੰ ਅੰਦਰ ਆਉਂਦਿਆਂ ਅਤੇ ਆਪਣੇ ਉੱਤੇ ਹੱਥ ਰੱਖਦਿਆਂ ਡਿੱਠਾ ਹੈ ਜੋ ਉਹ *ਫੇਰ ਸੁਜਾਖਾ ਹੋਵੇ*।'' ਇਸ ਗੱਲ ਤੇ ਕੁਝ ਝਗੜਾ ਹੈ ਕਿ ਹਨਨਿਯਾਹ ਨੇ ਸੌਲੁਸ ਤੇ ਹੱਥ *ਕਿਉਂ* ਰੱਖੇ। ਵਚਨ ਤੋਂ ਸਪਸ਼ਟ ਹੁੰਦਾ ਹੈ ਕਿ ਹੱਥ ਰੱਖਣ ਦਾ ਮਕਸਦ ਉਸ ਨੂੰ *ਫੇਰ ਤੋਂ ਸੁਜਾਖਾ* ਕਰਨਾ ਸੀ।

ਹਨਨਿਯਾਹ ਨੇ ਦੂਜੀ ਵਾਰ ''ਨਾਂਹ'' ਨਹੀਂ ਕਿਹਾ:

> ਤਦ ਹਨਨਿਯਾਹ ਚਲਿਆ ਗਿਆ ਅਤੇ ਉਸ ਘਰ ਵਿਚ ਜਾ ਵੜਿਆ ਅਰ ਉਸ ਤੇ ਹੱਥ ਰੱਖ ਕੇ[20] ਬੋਲਿਆ, ਹੇ ਭਾਈ[21] ਸੌਲੁਸ, ਪ੍ਰਭੂ ਅਰਥਾਤ ਯਿਸੂ ਨੇ ਜੋ ਤੈਨੂੰ ਉਸ ਰਾਹ ਵਿਚ ਜਿਸ ਤੋਂ ਤੂੰ ਆਇਆ ਸੀ ਵਿਖਾਈ ਦਿੱਤਾ ਮੈਨੂੰ ਘੱਲਿਆ ਹੈ ਭਈ ਤੂੰ ਸੁਜਾਖਾ ਹੋ ਜਾਵੇਂ ਅਰ ਪਵਿੱਤਰ ਆਤਮਾ ਨਾਲ ਭਰ ਜਾਵੇਂ (9:17)।

ਧਿਆਨ ਦਿਓ ਕਿ ਹਨਨਿਯਾਹ ਨੇ ਇਹ ਨਹੀਂ ਕਿਹਾ ਕਿ ਉਹਦੇ ਹੱਥ ਰੱਖਣ ਨਾਲ ਸੌਲੁਸ ਨੂੰ ਪਵਿੱਤਰ ਆਤਮਾ ਮਿਲਣਾ ਸੀ, ਸਗੋਂ ਇਹ ਕਿਹਾ ਕਿ ਉਸ ਨੂੰ ਦੋ ਮਕਸਦਾਂ ਲਈ *ਭੇਜਿਆ ਗਿਆ* ਸੀ: (1) ਸੌਲੁਸ ਫੇਰ ਤੋਂ ਸੁਜਾਖਾ ਹੋ ਜਾਵੇ ਅਤੇ (2) ਸੌਲੁਸ ਪਵਿੱਤਰ ਆਤਮਾ ਨਾਲ ਭਰ ਜਾਵੇ। ਜਿਵੇਂ ਯਿਸੂ ਨੇ ਪਹਿਲਾਂ ਹੀ ਕਿਹਾ ਸੀ, ਹਨਨਿਯਾਹ ਦੇ ਹੱਥ ਰੱਖਣ ਨਾਲ ਪਹਿਲਾ ਮਕਸਦ ਪੂਰਾ ਹੋ ਗਿਆ। ਹਨਨਿਯਾਹ ਨੇ ਕਿਹਾ, ''ਭਾਈ ਸੌਲੁਸ ਸੁਜਾਖਾ ਹੋ ਜਾ!'' (22:13)। ''ਉਵੇਂ ਉਹਦੀਆਂ ਅੱਖਾਂ ਤੋਂ ਛਿਲਕੇ ਜਿਹੇ ਡਿੱਗੇ[22] ਅਤੇ ਉਹ ਸੁਜਾਖਾ ਹੋ ਗਿਆ। [ਅਤੇ ਓਸੇ ਵੇਲੇ (ਉਹਨੇ) ਉਹਨੂੰ ਵੇਖਿਆ]'' (9:18; ਤੁਲਨਾ 22:13)।

ਫਿਰ ਹਨਨਿਯਾਹ ਨੇ ਯਿਸੂ ਵੱਲੋਂ ਰਾਹ ਵਿਚ ਦਿੱਤੀ ਗਈ ਮੁੱਖ ਚੁਣੌਤੀ ਦੁਹਰਾਈ:[23]

> ਸਾਡੇ ਵੱਡਿਆਂ ਦੇ ਪ੍ਰਮੇਸ਼ਵਰ ਨੇ ਤੈਨੂੰ ਠਹਿਰਾਇਆ ਹੈ ਜੋ ਤੂੰ ਉਹ ਦੀ ਮਰਜ਼ੀ ਨੂੰ ਜਾਣੇਂ ਅਤੇ ਉਸ ਧਰਮੀ ਨੂੰ ਵੇਖੇਂ[24] ਅਤੇ ਉਹ ਦੇ ਮੂੰਹ ਦਾ ਸ਼ਬਦ ਸੁਣੇਂ। ਕਿਉਂ ਜੋ ਓਸੇ ਲਈ ਤੂੰ ਸਭ ਮਨੁੱਖਾਂ ਦੇ ਅੱਗੇ ਉਨ੍ਹਾਂ ਗੱਲਾਂ ਦਾ ਗਵਾਹ ਹੋਵੇਂਗਾ[25] ਜਿਹੜੀਆਂ ਤੈਂ ਵੇਖੀਆਂ ਅਤੇ ਸੁਣੀਆਂ ਹਨ[26] (22:14, 15)।

ਇਨ੍ਹਾਂ ਸ਼ਬਦਾਂ ਨੂੰ ਦੁਹਰਾਉਣ ਨਾਲ ਇਹ ਪੱਕਾ ਹੋ ਗਿਆ ਸੀ ਕਿ ਹਨਨਿਯਾਹ ਪ੍ਰਭੂ ਵੱਲੋਂ ਭੇਜਿਆ ਹੋਇਆ ਸੀ, ਅਤੇ ਨਾਲ ਹੀ, ਇਸ ਨਾਲ ਯਿਸੂ ਦੇ ਹੁਕਮ ਤੇ ਜ਼ੋਰ ਦਿੱਤਾ ਗਿਆ।

ਸੌਲੁਸ ਨੂੰ ਅਜੇ ਵੀ ਇਹ ਨਹੀਂ ਦੱਸਿਆ ਗਿਆ ਸੀ ਕਿ *ਬਚਾਏ* ਜਾਣ ਲਈ ਉਹਨੂੰ ਕੀ ''ਕਰਨਾ ਹੈ।'' ਹਨਨਿਯਾਹ ਨੇ ਜਦ ਵੇਖਿਆ ਕਿ ਉਹ ਆਦਮੀ ਗੋਡਿਆਂ ਭਰਨੇ ਝੁਕਿਆ ਹੋਇਆ ਹੈ, ਉਹਦੀਆਂ ਗੱਲ੍ਹਾਂ ਤੇ ਅੱਥਰੂ ਡਿੱਗ ਰਹੇ ਹਨ ਤਾਂ ਉਹਨੇ ਉਸ ਨੂੰ ਪ੍ਰਭੂ ਦਾ ਹੁਕਮ ਸੁਣਾਇਆ: ''ਹੁਣ ਤੂੰ ਕਿਉਂ ਢਿੱਲ ਕਰਦਾ ਹੈਂ? ਉੱਠ ਅਤੇ ਉਹਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ''[27] (22:16)।

ਜਦ ਮੈਂ ਮੁੰਡਾ ਸਾਂ, ਉਨ੍ਹਾਂ ਦਿਨਾਂ ਵਿਚ ਡਿਨੋਮਿਨੇਸ਼ਨਾਂ ਦੇ ਧਰਮ ਜਾਗਰਣ ਵਾਲੇ ਲੋਕ ਕਹਿੰਦੇ ਹੁੰਦੇ ਸਨ, ''ਜਿਵੇਂ ਦਮਿਸ਼ਕ ਦੇ ਰਾਹ ਤੇ ਸੌਲੁਸ ਬਚਾਇਆ ਗਿਆ, ਤੁਸੀਂ ਵੀ ਬਚਾਏ ਜਾਓ! ਦਰਸ਼ਣ ਵੇਖੋ, ਬੁਲਾਹਟ ਨੂੰ ਸੁਣੋ ਅਤੇ ਆਤਮਾ ਦਾ ਅਨੁਭਵ ਪਾਓ!'' ਜੇ ਸੌਲੁਸ ਦਮਿਸ਼ਕ ਦੇ ਰਾਹ ਤੇ ਹੀ ਬਚਾਇਆ ਗਿਆ ਸੀ, ਤਾਂ *ਪ੍ਰਭੂ* ਨੂੰ ਇਹਦਾ ਪਤਾ ਨਹੀਂ ਸੀ, ਕਿਉਂਕਿ ਉਹਨੇ ਸੌਲੁਸ ਨੂੰ ਕਿਹਾ ਸੀ, ''ਪਰ ਉੱਠ ਅਤੇ ਸ਼ਹਿਰ ਵਿਚ ਜਾ ਅਰ *ਜੋ ਕੁਝ ਤੈਨੂੰ ਕਰਨਾ ਚਾਹੀਦਾ ਹੈ* ਸੋ ਤੈਨੂੰ ਦੱਸਿਆ ਜਾਵੇਗਾ'' (9:6)। ਸੌਲੁਸ ਨੂੰ ਵੀ ਇਹਦਾ ਪਤਾ ਨਹੀਂ ਸੀ, ਕਿਉਂਕਿ ਉਹਨੇ ਪੁੱਛਿਆ ਸੀ, ''ਹੇ ਪ੍ਰਭੂ ਮੈਂ ਕੀ ਕਰਾਂ?'' (22:10) ਅਤੇ ਫਿਰ ਤਿੰਨ ਦਿਨ ਤਕ ਰੋਜ਼ਾ ਰੱਖਿਆ ਅਤੇ ਦੁਆ ਕੀਤੀ ਸੀ। (ਜੇ ਉਹ ਇਸ ਨਾਲ ਬਚਾਇਆ ਗਿਆ ਸੀ, ਤਾਂ ਪੂਰੀ ਬਾਈਬਲ ਵਿਚ ਉਹ ਸਭ ਤੋਂ ਤਰਸਯੋਗ ਬਚਾਇਆ ਗਿਆ ਆਦਮੀ ਸੀ!) ਨਾਲੇ, *ਪ੍ਰਮੇਸ਼ਵਰ ਦੇ ਆਤਮਾ ਦੀ ਪ੍ਰੇਰਣਾ ਪਾਏ ਹੋਏ ਪ੍ਰਚਾਰਕ* ਨੂੰ ਵੀ ਇਹਦਾ ਪਤਾ ਨਹੀਂ ਸੀ, ਕਿਉਂਕਿ ਉਹਨੇ ਸੌਲੁਸ ਨੂੰ ਕਿਹਾ, ''ਹੁਣ ਤੂੰ ਕਿਉਂ ਢਿੱਲ ਕਰਦਾ ਹੈਂ? ਉੱਠ ਅਤੇ ਉਹਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ *ਆਪਣੇ ਪਾਪ ਧੋ ਸੁੱਟ*'' (22:16)।

ਸੌਲੁਸ ਨੇ ਯਿਸੂ ਉੱਤੇ ਵਿਸ਼ਵਾਸ ਕਰ ਲਿਆ ਸੀ, ਪਰ ਅਜੇ ਵੀ ਉਹਦੇ ਪਾਪ ਧੋਤੇ ਨਹੀਂ ਗਏ ਸਨ। ਉਹਨੇ ਆਪਣੇ ਪਾਪਾਂ ਤੋਂ ਤੌਬਾ ਕਰ ਲਈ ਸੀ,[28] ਪਰ ਅਜੇ ਵੀ ਉਹਦੇ ਪਾਪ ਧੋਤੇ ਨਹੀਂ ਗਏ ਸਨ। ਉਹਨੇ ਮਸੀਹ ਨੂੰ ''ਪ੍ਰਭੂ'' ਜਾਣ ਕੇ ਉਹਦਾ ਇਕਰਾਰ ਕਰ ਲਿਆ ਸੀ, ਪਰ ਅਜੇ ਵੀ ਉਹਦੇ ਪਾਪ ਧੋਤੇ ਜਾਣੇ ਬਾਕੀ ਸਨ। ਖ਼ੁਦਾ ਦੇ ਭੇਜੇ ਹੋਏ ਦੇ ਮੁਤਾਬਕ, ਉਹਦੇ ਪਾਪ ਉਦੋਂ ਹੀ ਧੋਤੇ ਜਾਣੇ ਸਨ ਜਦ ਉਹ ਬਪਤਿਸਮਾ ਲੈਂਦਾ ਯਾਨੀ ਪਾਣੀ ਵਿਚ ਡੁਬਕੀ ਲਾਉਂਦਾ।

ਇਹਦਾ ਮਤਲਬ ਇਹ ਨਹੀਂ ਹੈ ਕਿ ਦਮਿਸ਼ਕ ਦੇ ਪਾਣੀ ਵਿਚ ਪਾਪਾਂ ਨੂੰ ਧੋਣ ਵਾਲੀ ਕੋਈ ਖਾਸ ਸ਼ਕਤੀ ਸੀ। ਜਿਸ ਪਾਣੀ ਵਿਚ ਸੌਲੁਸ ਨੇ ਬਪਤਿਸਮਾ ਲਿਆ ਸੀ ਉਹ ਉਹੀ ਪਾਣੀ ਸੀ ਜਿਹਦੀ ਵਰਤੋਂ ਦਮਿਸ਼ਕ ਦੇ ਲੋਕ ਖਾਣਾ ਬਣਾਉਣ ਅਤੇ ਕੱਪੜੇ ਧੋਣ ਆਦਿ ਲਈ ਕਰਦੇ ਸਨ। ਵਚਨ ਵਿਚ ਜ਼ੋਰ ਦਿੱਤਾ ਗਿਆ ਹੈ ਕਿ ਸਾਡੇ ਪਾਪ *ਯਿਸੂ ਦੇ ਲਹੂ ਵਿਚ* ਧੋਤੇ ਜਾਂਦੇ ਹਨ (ਪ੍ਰਕਾਸ਼ ਦੀ ਪੋਥੀ 7:14; ਤੁਲਨਾ ਪ੍ਰਕਾਸ਼ ਦੀ ਪੋਥੀ 1:5)। ਯਿਸੂ ਦਾ ਲਹੂ ਹੀ ਹੈ ਜੋ *ਸਾਡੇ* ਪਾਪਾਂ ਨੂੰ ਧੋਂਦਾ ਹੈ; ਬਪਤਿਸਮੇ *ਰਾਹੀਂ* ਸਾਡੇ ਪਾਪ ਉਹਦੇ ਲਹੂ ਨਾਲ ਧੋਤੇ ਜਾਂਦੇ ਹਨ।

ਕੁਝ ਲੋਕ ਆਖਦੇ ਹਨ ਕਿ ਕਲੀਸੀਆ ਦੇ ਬਾਹਰ ਵਾਲੇ ਪਾਪੀ ਨੂੰ ਬਚਾਏ ਜਾਣ ਲਈ ਖ਼ੁਦਾ ਤੋਂ *ਦੁਆ* ਕਰਨੀ ਚਾਹੀਦੀ ਹੈ। ਜੇ ਬਚਾਏ ਜਾਣ ਲਈ ਸੌਲੁਸ ਨੂੰ ''ਪਾਪੀ ਵਾਲੀ ਪ੍ਰਾਰਥਨਾ''[29] ਕਰਨ ਦੀ ਲੋੜ ਸੀ, ਤਾਂ ਉਹ ਹਨਨਿਯਾਹ ਦੇ ਆਉਣ ਤਕ ਇਸੇ ਅਵਸਥਾ ਵਿਚ ਸੀ। ਪਰ ਪ੍ਰਚਾਰਕ ਨੇ ਕਿਹਾ, ''ਦੇਰ ਨਾ ਕਰ! ਗੋਡੇ ਸਿੱਧੇ ਕਰ। ਦੁਆ ਕਰਨੀ ਬੰਦ ਕਰ ਅਤੇ ਹੁਕਮ ਮੰਨਣਾ ਅਰੰਭ ਕਰ!'' ਪਾਪੀ ਲਈ ਪ੍ਰਮੇਸ਼ਵਰ ਨੂੰ ਉਸਨੂੰ ਪਿਆਰ ਕਰਨ ਲਈ ਜਾਂ ਬਚਾਏ ਜਾਣ ਲਈ ਕਹਿਣਾ ''ਉਡੀਕ ਕਰਨਾ'' ਹੈ ਕਿਉਂਕਿ ਇਕ ਪਾਪੀ ਨੂੰ ਯਕੀਨ ਦੁਆਉਣ ਲਈ ਕਿ ਪ੍ਰਮੇਸ਼ਵਰ ਉਸ ਨਾਲ ਪਿਆਰ ਕਰਦਾ ਹੈ ਪ੍ਰਮੇਸ਼ਵਰ ਨੇ ਉਹ ਸਭ ਕੁਝ ਕਰ ਦਿੱਤਾ ਹੈ ਜੋ ਉਹਦੇ ਬਚਾਏ ਜਾਣ ਲਈ ਜ਼ਰੂਰੀ ਸੀ (ਯੂਹੰਨਾ 3:16)। ਪਾਪੀ ਉੱਤੇ ਹੈ ਕਿ ਉਹ ਹੁਕਮ ਮੰਨਣ ਨਾਲ ਉਸਨੂੰ ਕਬੂਲ ਕਰੇ। ''ਉੱਠ, ਬਪਤਿਸਮਾ ਲੈ ਅਤੇ ਉਹਦਾ ਨਾਮ ਲੈਂਦਾ ਹੋਇਆ ਆਪਣੇ ਪਾਪ ਧੋ ਸੁੱਟ।''[30]

## ਬੇਝਿਜਕ ਮਨਬਦਲਣ ਵਾਲਾ (9:18, 19; 26:19)

ਫ਼ੈਸਲਾ ਲੈਣਾ ਸੌਲੁਸ ਲਈ ਔਖਾ ਸੀ। ਕਿਸੇ ਲਈ ਵੀ ਇਹ ਮੰਨਣਾ ਔਖਾ ਹੁੰਦਾ ਹੈ ਕਿ ਉਹ ਗਲਤ ਹੈ।[31] ਜੋ ਹੁਕਮ ਹਨਨਿਯਾਹ ਨੇ ਦਿੱਤਾ, ਉਹ ਮੰਨਣਾ ਤਾਂ ਹੋਰ ਵੀ ਔਖਾ ਸੀ। ਬਪਤਿਸਮਾ ਆਪਣੇ ਆਪ ਵਿਚ ਔਖਾ ਨਹੀਂ ਸੀ। ਸੌਲੁਸ ਧੋਤੇ ਜਾਣ ਅਤੇ ਡੁਬਕੀ ਦੀ ਰਵਾਇਤ ਤੋਂ ਵਾਕਫ਼ ਸੀ। ਔਖਾ ਹਿੱਸਾ ਯਿਸੂ ਦਾ ''ਨਾਂ ਲੈਂਦੇ ਹੋਏ'' ਸੀ। ''ਉਹਦਾ ਨਾਂ ਲੈਣ'' ਵਿਚ ਸਭ ਗੱਲਾਂ ਕਬੂਲ ਕਰ ਲਈਆਂ ਸਨ, ਜੋ ਯਿਸੂ ਹੈ। ਇਹਦਾ ਮਤਲਬ ਸੀ ਕਿ ਸੌਲੁਸ ਨੇ ਇਹ ਮੰਨ ਲਿਆ ਸੀ ਕਿ ਯਿਸੂ ਹੀ ਪ੍ਰਭੂ ਹੈ, ਅਤੇ ਉਹ *ਉਹਦੇ* ਇਖ਼ਤਿਆਰ ਨਾਲ ਬਪਤਿਸਮਾ ਲੈਂਦਿਆਂ ਹੀ ਆਪਣਾ ਬਾਕੀ ਜੀਵਨ ਉਹਨੂੰ ਸੌਂਪ ਰਿਹਾ ਸੀ! ਇਹਦਾ ਮਤਲਬ ਇਹ ਸੀ ਕਿ ਸੌਲੁਸ ਨੂੰ ਆਪਣੇ ਸਭ ਨਜ਼ਦੀਕੀ ਰਿਸ਼ਤੇਦਾਰਾਂ ਵੱਲੋਂ ਮੂੰਹ ਫੇਰਨਾ ਪੈਣਾ ਸੀ ਯਾਨੀ ਉਹਨੂੰ ਆਪਣੇ ਪਰਿਵਾਰ, ਦੋਸਤ, ਮਸ਼ਹੂਰੀ ਅਤੇ ਭਵਿੱਖ ਦੀ ਫ਼ਿਕਰ ਛੱਡਣੀ ਪੈਣੀ ਸੀ।

ਫ਼ੈਸਲਾ ਲੈਣਾ ਭਾਵੇਂ ਔਖਾ ਸੀ ਪਰ ਹਨਨਿਯਾਹ ਵੱਲੋਂ ਸੌਲੁਸ ਨੂੰ ਦੱਸਣ ਤੇ ਕਿ ਉਹਦੇ ਲਈ ਕੀ ''ਕਰਨਾ'' ਜ਼ਰੂਰੀ ਹੈ, ਤਾਂ ਉਹ ਝਿਜਕਿਆ ਨਹੀਂ। ਉਹਨੇ ਬਾਅਦ ਵਿਚ ਰਾਜਾ ਅਗ੍ਰਿੱਪਾ ਨੂੰ ਦੱਸਿਆ, ''ਮੈਂ ਉਸ ਸਵਰਗੀ ਦਰਸ਼ਣ ਤੋਂ ਬੇਮੁੱਖ ਨਾ ਹੋਇਆ'' (26:19)। ਝੱਟ, ਉਹਨੇ ''ਉੱਠ ਕੇ ਬਪਤਿਸਮਾ ਲਿਆ'' (9:18)। ਸੌਲੁਸ ਵੱਲੋਂ ਡੁਬਕੀ ਲੈਣ ਦੇ ਥਾਂ ਬਾਰੇ ਨਹੀਂ ਦੱਸਿਆ ਗਿਆ, ਪਰ ਸ਼ਹਿਰ ਵਿੱਚੋਂ ਦੀ ਅਬਾਨਾ ਅਤੇ ਕੋਲੋਂ ਹੀ ਫ਼ਰਫ਼ਰ ਦਰਿਆ ਵਗਦੇ ਸਨ।[32]

ਸੌਦਾ ਹੋ ਚੁੱਕਿਆ ਸੀ; ਸੌਲੁਸ ਲਈ ਹੁਣ ਮੁੱਕਰਨ ਵਾਲੀ ਕੋਈ ਗੱਲ ਨਹੀਂ ਸੀ। ਬਾਅਦ ਵਿਚ ਉਹਨੇ ਲਿਖਿਆ:

> ਪਰ ਜਿਹੜੀਆਂ ਗੱਲਾਂ ਮੇਰੇ ਲਾਭ ਦੀਆਂ ਸਨ ਮੈਂ ਉਨ੍ਹਾਂ ਨੂੰ ਮਸੀਹ ਦੇ ਕਾਰਣ ਹਾਨ ਦੀਆਂ ਸਮਝਿਆ। ਸਗੋਂ ਮਸੀਹ ਯਿਸੂ ਆਪਣੇ ਪ੍ਰਭੂ ਦੇ ਗਿਆਨ ਦੀ ਉੱਤਮਤਾਈ ਦੇ ਕਾਰਨ ਸਾਰੀਆਂ ਗੱਲਾਂ ਨੂੰ ਮੈਂ ਹਾਨ ਦੀਆਂ ਹੀ ਸਮਝਦਾ ਹਾਂ ਅਤੇ ਉਹ ਦੀ ਖ਼ਾਤਰ ਮੈਂ ਇਨ੍ਹਾਂ ਸਭਨਾਂ ਗੱਲਾਂ ਦੀ ਹਾਨੀ ਝੱਲੀ ਅਤੇ ਉਨ੍ਹਾਂ ਨੂੰ ਕੂੜਾ ਸਮਝਦਾ ਹਾਂ ਭਈ ਮੈਂ ਮਸੀਹ ਨੂੰ ਖੱਟ ਲਵਾਂ (ਫ਼ਿਲਿੱਪੀਆਂ 3:7, 8)।

ਬਪਤਿਸਮੇ ਸਮੇਂ ਸੌਲੁਸ ਦੇ ਪਾਪ ਯਿਸੂ ਦੇ ਲਹੂ ਨਾਲ ਧੋਤੇ ਗਏ ਸਨ। ਉਹਨੇ ਹਨਨਿਯਾਹ ਦੀ ਗੱਲ ਕਿ ''ਪਵਿੱਤਰ ਆਤਮਾ ਨਾਲ ਭਰਪੂਰ ਹੋ ਜਾਵੇ'' ਮੰਨਣ ਨਾਲ ਪਵਿੱਤਰ ਆਤਮਾ ਦਾ ਦਾਨ ਪਾਇਆ ਸੀ (2:38)।[33] ਪ੍ਰਭੂ ਨੇ ਉਹਨੂੰ ਉਸ ਕਲੀਸੀਆ ਵਿਚ ਮਿਲਾ ਵੀ ਲਿਆ ਜਿਸ ਨੂੰ ਨਾਸ ਕਰਨ ਦੀ ਉਹਨੇ ਕੋਸ਼ਸ਼ ਕੀਤੀ ਸੀ (2:41, 47)। ਸੌਲੁਸ ਦੀ ਜ਼ਿੰਦਗੀ ਹੁਣ ਮਸੀਹ ਵਿਚ ਨਵੀਂ ਹੋ ਚੁੱਕੀ ਸੀ! ਬਾਅਦ ਵਿਚ ਉਹਨੇ ਦੱਸਿਆ ਕਿ ਉਹਨੇ ਬਪਤਿਸਮੇ ਦੀ ਪਾਣੀ ਰੂਪੀ ਕਬਰ ਵਿਚ *ਆਪਣਾ ਅਤੀਤ ਦਫ਼ਨ ਕਰ ਦਿੱਤਾ ਸੀ*:

> ਅਥਵਾ ਤੁਸੀਂ ਇਸ ਗੱਲ ਤੋਂ ਅਣਜਾਣ ਹੋ ਭਈ ਸਾਡੇ ਵਿੱਚੋਂ ਜਿਹਨਾਂ ਨੇ ਮਸੀਹ ਯਿਸੂ ਦਾ [ਵਿਚ] ਬਪਤਿਸਮਾ ਲਿਆ ਉਨ੍ਹਾਂ ਨੇ ਉਹਦੀ ਮੌਤ ਦਾ [ਵਿਚ] ਬਪਤਿਸਮਾ ਲਿਆ? ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹ ਦੇ ਨਾਲ ਦੱਬੇ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ। ਜਦੋਂ ਅਸੀਂ ਉਹ ਦੀ ਮੌਤ ਦੀ ਸਮਾਨਤਾ ਵਿਚ ਉਹ ਦੇ ਨਾਲ ਜੋੜੇ ਗਏ ਤਾਂ ਉਹਦੇ ਜੀ ਉੱਠਣ ਦੀ ਸਮਾਨਤਾ ਵਿਚ ਵੀ ਹੋਵਾਂਗੇ। ਕਿਉਂ ਜੋ ਅਸੀਂ ਇਹ ਜਾਣਦੇ ਹਾਂ ਜੋ ਸਾਡੀ ਪੁਰਾਣੀ ਮਨੁੱਖਤਾਈ ਉਹਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ ਭਈ ਪਾਪ ਦਾ ਸਰੀਰ ਨਸ਼ਟ ਹੋ ਜਾਵੇ ਤਾਂ ਅਗਾਹਾਂ ਨੂੰ ਅਸੀਂ ਪਾਪ ਦੀ ਗੁਲਾਮੀ ਨਾ ਕਰੀਏ (ਰੋਮੀਆਂ 6:3-6)।

ਇਨ੍ਹਾਂ ਦਿਨਾਂ ਵਿਚ ਸੌਲੁਸ ਪਹਿਲੀ ਵਾਰ ਅਨੰਦ ਨਾਲ ''ਖਾਣਾ ਖਾ ਕੇ ਤਕੜਾ ਹੋ ਗਿਆ'' (9:19)।

ਅਸੀਂ ਪੁੱਛ ਸਕਦੇ ਹਾਂ ਕਿ ਪੂਰੀ ਦੁਨੀਆਂ ਦੇ ਲੋਕਾਂ ਵਿੱਚੋਂ ''ਸੌਲੁਸ ਹੀ ਕਿਉਂ?'' ਪ੍ਰਭੂ ਨੇ, ਪਰਾਈਆਂ ਕੌਮਾਂ ਦਾ ਰਸੂਲ ਬਣਾਉਣ ਲਈ ਸੌਲੁਸ ਨੂੰ ਹੀ ਕਿਉਂ ਚੁਣਿਆ, ਜਦ ਕਿ ਉਹ ਐਨੇ ਲੋਕਾਂ ਦਾ ਕਾਤਲ ਸੀ? ਉਹ ਬਰਨਾਬਾਸ ਵਰਗੇ ਬਹੁਤ ਸਾਰੇ ਮਹਾਨ ਮਸੀਹੀਆਂ ਵਿੱਚੋਂ ਕਿਸੇ ਇਕ ਨੂੰ ਚੁਣ ਸਕਦਾ ਸੀ। ਜੇ ਉਹ ਕਿਸੇ ਗੈਰ ਮਸੀਹੀ ਨੂੰ ਹੀ ਸੱਦਣਾ ਚਾਹੁੰਦਾ ਸੀ ਤਾਂ ਖ਼ੁਦਾ ਦਾ ਖ਼ੌਫ਼ ਰੱਖਣ ਵਾਲੇ ਬਹੁਤ ਸਾਰੇ ਹੋਰ ਯਹੂਦੀ ਵੀ ਤਾਂ ਸਨ ਜਿਨ੍ਹਾਂ ਉੱਤੇ ਸੌਲੁਸ ਵਾਂਗ ਜ਼ਾਲਮ ਹੋਣ ਦਾ ਇਲਜ਼ਾਮ ਨਹੀਂ ਸੀ। ਸੌਲੁਸ ਨੂੰ ਹੀ ਕਿਉਂ ਸੱਦਿਆ ਗਿਆ?

ਕਿਉਂਕਿ ਸਾਡੀ ਸੋਚ ਪ੍ਰਭੂ ਦੀ ਸੋਚ ਨਹੀਂ ਹੋ ਸਕਦੀ (ਯਸਾਯਾਹ 55:8, 9), ਯਕੀਨਨ ਅਸੀਂ ਇਸ ਦਾ ਜਵਾਬ ਨਹੀਂ ਦੇ ਸਕਦੇ ਪਰ ਅੰਦਾਜ਼ਾ ਜਰੂਰ ਲਗਾ ਸਕਦੇ ਹਾਂ। ਇਕ ਗੱਲ ਤਾਂ ਬੇਸ਼ੱਕ ਸੌਲੁਸ ਦੇ ਨਿਰਾਲੇ ਗੁਣ, ਉਹਦੀ ਲਿਆਕਤ, ਉਹਦਾ ਜੋਸ਼ ਅਤੇ ਉਹਦੀ ਕਰਮਸ਼ਕਤੀ ਸੀ। ਜੇ ਇਨ੍ਹਾਂ ਦੀ ਵਰਤੋਂ *ਸਹੀ* ਦਿਸ਼ਾ ਵਿਚ ਹੋਣ ਤੇ ਉਸ ਨਾਲ ਕਿੰਨੀ ਹੀ ਭਲਿਆਈ ਹੋ ਸਕਦੀ ਸੀ! ਸ਼ਾਇਦ ਉਸ ਨੂੰ ਇਸ ਲਈ ਵੀ ਚੁਣਿਆ ਗਿਆ ਕਿਉਂਕਿ ਉਹਦਾ ਮੁਢਲਾ ਜੀਵਨ ਤਰਸੁਸ ਵਿਚ ਗੁਜ਼ਰਿਆ ਸੀ, ਉਹ ਪਰਾਈਆਂ ਕੌਮਾਂ ਦੀ ਸੋਚ ਨੂੰ ਫ਼ਲਸਤੀਨ ਵਿਚ ਰਹਿਣ ਵਾਲਿਆਂ ਨਾਲੋਂ ਵਧੀਆ ਢੰਗ ਨਾਲ ਜਾਣਦਾ ਸੀ। ਉਹ ਇਸ ਕੰਮ ਲਈ ਕਾਬਲ ਆਦਮੀ ਸੀ।

ਇਹ ਵੀ ਸੰਭਵ ਹੈ ਕਿ ਪ੍ਰਭੂ ਦੀ ਪਸੰਦ ਵਿਚ ਹੋਰ ਵੀ ਗੱਲਾਂ ਹੋਣਗੀਆਂ। ਉਦਾਹਰਣ ਲਈ ਸੌਲੁਸ ਦਾ ਇਹ ਪੱਕਾ ਯਕੀਨ ਸੀ ਕਿ ਯਹੂਦੀ ਧਰਮ ਦਾ ਮਸੀਹੀਅਤ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ। ਉਹਦੇ ਇਸ ਯਕੀਨ ਨੇ ਮਸੀਹੀਅਤ ਦਾ ਸਫ਼ਾਇਆ ਕਰਨ ਲਈ ਉਹਨੂੰ ਮਜਬੂਰ ਕੀਤਾ।[34] ਮਸੀਹੀ ਬਣਨ ਤੇ ਉਹਨੇ ਓਸੇ ਯਕੀਨ ਨੂੰ ਬਣਾਈ ਰੱਖਿਆ।

ਉਹਦੀਆਂ ਚਿੱਠੀਆਂ ਇਸੇ ਸੱਚਾਈ ਨਾਲ ਭਰੀਆਂ ਹਨ ਕਿ ਮਸੀਹੀਅਤ ਵਿਚ ਕੋਈ ਸਮਝੌਤਾ ਨਹੀਂ ਹੋ ਸਕਦਾ!

ਇਕ ਹੋਰ ਗੱਲ ਇਹ ਵੀ ਹੋ ਸਕਦੀ ਹੈ ਜਿਹਦਾ ਜ਼ਿਕਰ ਕੀਤਾ ਜਾਣਾ ਜ਼ਰੂਰੀ ਹੈ, ਜਿਸ ਨੂੰ ਯਿਸੂ ਨੇ ਇਨ੍ਹਾਂ ਸ਼ਬਦਾਂ ਵਿਚ ਦੱਸਿਆਃ ''ਜਿਹਨੂੰ ਥੋੜ੍ਹਾ ਮਾਫ਼ ਕੀਤਾ ਗਿਆ ਸੋ ਥੋੜ੍ਹਾ ਪਿਆਰ ਕਰਦਾ ਹੈ'' (ਲੂਕਾ 7:47)। (ਇਹਦਾ ਮਤਲਬ ਇਹ ਹੋਇਆ ਕਿ ''ਜਿਹਨੂੰ ਬਹੁਤ ਮਾਫ਼ ਹੋਇਆ ਹੈ ਉਹ ਬਹੁਤਾ ਪਿਆਰ ਕਰਦਾ ਹੈ।'') ਯਿਸੂ ਵੱਲੋਂ ਰਾਹ ਵਿਚ ਸੌਲੁਸ ਨੂੰ ਦਰਸ਼ਣ ਦੇਣ ਤੇ ਸੌਲੁਸ ਨੂੰ ਅਚਾਨਕ ਆਪਣੀ ਖ਼ਤਰਨਾਕ ਗ਼ਲਤੀ ਦਾ ਅਹਿਸਾਸ ਹੋਇਆ। ਉਹ ਖ਼ੁਦਾ ਦੇ ਖ਼ਿਲਾਫ਼ ਕੁਫ਼ਰ ਬਕਣ ਦਾ ਦੋਸ਼ੀ ਸੀ ਜਿਸ ਦੀ ਸਜ਼ਾ ਮੌਤ ਤੋਂ ਘੱਟ ਨਹੀਂ ਸੀ। ਪਰ ਪ੍ਰਭੂ ਉਹਦੀ ਬਾਕੀ ਜ਼ਿੰਦਗੀ ਨੂੰ ਹੈਰਾਨੀ ਨਾਲ ਭਰ ਕੇ ਉਸ ਨੂੰ ਮਾਫ਼ ਕਰਨਾ ਚਾਹ ਰਿਹਾ ਸੀ। ਉਹਨੇ ''ਪ੍ਰਮੇਸ਼ਵਰ ਦੇ ਪੁੱਤਰ ... ਜਿਹਨੇ *ਮੇਰੇ ਨਾਲ* ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ *ਮੇਰੇ ਲਈ* ਦੇ ਦਿੱਤਾ'' ਬਾਰੇ ਲਿਖਿਆ (ਗਲਾਤੀਆਂ 2:20)। ਉਹਨੇ ਕਿਹਾਃ

> ਮੈਂ ਮਸੀਹ ਯਿਸੂ ਸਾਡੇ ਪ੍ਰਭੂ ਦਾ ਜਿਨ ਮੈਨੂੰ ਬਲ ਦਿੱਤਾ ਧੰਨਵਾਦ ਕਰਦਾ ਹਾਂ ਇਸ ਲਈ ਜੋ ਉਹ ਨੇ ਮੈਨੂੰ ਮਾਤਬਰ ਸਮਝ ਕੇ ਇਸ ਸੇਵਕਾਈ ਉੱਤੇ ਲਾਇਆ। ਭਾਵੇਂ ਮੈਂ ਪਹਿਲਾਂ ਕੁਫ਼ਰ ਬਕਣ ਵਾਲਾ ਅਤੇ ਸਤਾਉਣ ਵਾਲਾ ਅਤੇ ਧੱਕੇਖੋਰਾ ਸਾਂ .... ਮਸੀਹ ਯਿਸੂ ਪਾਪੀਆਂ ਨੂੰ ਬਚਾਉਣ ਲਈ ਜਗਤ ਵਿਚ ਆਇਆ ਜਿਨ੍ਹਾਂ ਵਿੱਚੋਂ ਮਹਾਂ ਪਾਪੀ ਮੈਂ ਹਾਂ (1 ਤਿਮੋਥਿਉਸ 1:12, 13, 15)!

ਜਿਹਨੂੰ ਵੱਧ ਮਾਫ਼ੀ ਮਿਲੀ ਸੀ ਉਹਨੇ ਪਿਆਰ ਵੀ ਵੱਧ ਕੀਤਾ ਅਤੇ ਆਪਣੀ ਜ਼ਿੰਦਗੀ ਦੇ ਬਾਕੀ ਦਿਨ ਓਸੇ ਵਿਸ਼ਵਾਸ ਨੂੰ ਫੈਲਾਉਣ ਵਿਚ ਲਗਾ ਦਿੱਤੇ ਜਿਸ ਨੂੰ ਉਹਨੇ ਕਦੀ ਖ਼ਤਮ ਕਰਨ ਦੀ ਕੋਸ਼ਸ਼ ਕੀਤੀ ਸੀ!

## ਸਾਰ

ਜੇ ਜਗ੍ਹਾ ਹੁੰਦੀ, ਤਾਂ ਅਸੀਂ ਉਸ ''ਖ਼ਤਮ ਨਾ ਹੋਣ ਵਾਲੇ ਸਮਰਪਣ'' ਦੀ ਗੱਲ ਵੀ ਕਰ ਸਕਦੇ ਸਾਂ ਜੋ ਸੌਲੁਸ ਨੇ ਪ੍ਰਭੂ ਲਈ ਫ਼ੌਰਨ ਸ਼ੁਰੂ ਕੀਤਾ (9:19-31), ਪਰ ਉਸ ਵਿਸ਼ੇ ਨੂੰ ਅਸੀਂ ਅਗਲੇ ਅਧਿਐਨਾਂ ਲਈ ਛੱਡ ਦਿੰਦੇ ਹਾਂ। ਇਸ ਪਾਠ ਨੂੰ ਹੁਣ ਇੱਥੇ ਹੀ ਮੁਕਾਉਂਦੇ ਹਾਂ।

ਅਖ਼ੀਰ 'ਚ ਆਓ ਪਾਠ ਦੇ ਸ਼ੁਰੂ ਵਿਚ ਕੀਤੀ ਗਈ ਚਰਚਾ ਵੱਲ ਆਉਂਦੇ ਹਾਂਃ ਜੇ ਜੈੱਫ਼ਰੀ ਦਾਹਮਰ ਅਤੇ ਤਰਸੁਸ ਵਾਸੀ ਸੌਲੁਸ ਬਚਾਏ ਜਾ ਸਕਦੇ ਸਨ, ਤਾਂ *ਕੋਈ ਵੀ ਬਚਾਇਆ* ਜਾ ਸਕਦਾ ਹੈ। ਪੌਲੁਸ ਨੇ ਆਪ ਇਸ ਸੱਚਾਈ ਉੱਤੇ 1 ਤਿਮੋਥਿਉਸ 1 ਵਿਚ ਜ਼ੋਰ ਦਿੱਤਾ। ਇਹ ਕਹਿਣ ਦੇ ਬਾਅਦ ਕਿ ''ਮਸੀਹ ਯਿਸੂ ਪਾਪੀਆਂ ਨੂੰ ਬਚਾਉਣ ਲਈ ਜਗਤ ਵਿਚ ਆਇਆ ਜਿਹਨਾਂ ਵਿੱਚੋਂ ਮਹਾਂ ਪਾਪੀ ਮੈਂ ਹਾਂ,'' ਉਹਨੇ ਕਿਹਾ, ''ਪਰ ਮੇਰੇ ਉੱਤੇ ਇਸ ਕਾਰਣ ਰਹਿਮ ਹੋਇਆ ਭਈ ਮੇਰੇ ਸਬੱਬੋਂ ਜਿਹੜਾ ਮਹਾਂ ਪਾਪੀ ਹਾਂ ਯਿਸੂ ਮਸੀਹ ਆਪਣੇ ਪੂਰੇ ਧੀਰਜ ਨੂੰ ਪ੍ਰਗਟ ਕਰੇ ਤਾਂ ਜੋ ਇਹ ਉਨ੍ਹਾਂ ਦੇ ਨਮਿੱਤ ਜਿਹੜੇ ਉਸ ਉੱਤੇ ਸਦੀਪਕ ਜੀਵਨ ਲਈ ਨਿਹਚਾ ਕਰਨਗੇ ਇਕ ਨਮੂਨਾ ਹੋਵੇ'' (1 ਤਿਮੋਥਿਉਸ 1:15, 16)।

ਮੈਨੂੰ ਤੁਹਾਡੀ ਰੂਹਾਨੀ ਹਾਲਤ ਬਾਰੇ ਨਹੀਂ ਪਤਾ। ਪਰ ਐਨਾ ਜ਼ਰੂਰ ਪਤਾ ਹੈ ਕਿ ਤੁਸੀਂ ਪਾਪ

ਵਿਚ ਕਿੰਨਾ ਡੁੱਬ ਚੁੱਕੇ ਹੋ। ਮੈਨੂੰ ਨਹੀਂ ਪਤਾ ਕਿ ਤੁਸੀਂ ਕਿੰਨੇ ਖ਼ਤਰਨਾਕ ਪਾਪ ਕੀਤੇ ਹੋਣਗੇ। ਪਰ ਐਨਾ ਜ਼ਰੂਰ ਪਤਾ ਹੈ ਕਿ ਤੁਹਾਡੇ ਪਾਪ ਸੌਲੁਸ ਦੇ ਪਾਪਾਂ ਨਾਲੋਂ ਖ਼ਤਰਨਾਕ ਨਹੀਂ ਹੋਣਗੇ। ਤੁਹਾਡੀ ਜਾਨ ਨੂੰ ਬਚਾਉਣ ਲਈ ਪ੍ਰਭੂ ਦਾ ਰਹਿਮ ਅਤੇ ਕਿਰਪਾ ਹੀ ਕਾਫ਼ੀ ਹੈ। ਇਸ ਲਈ, ਜੇ ਤੁਸੀਂ ਪ੍ਰਭੂ ਦਾ ਹੁਕਮ ਮੰਨਣਾ ਟਾਲ ਰਹੇ ਹੋ, ਤਾਂ ਹੋਰ ਦੇਰ ਨਾ ਕਰੋ। ''ਹੁਣ ਤੂੰ ਕਿਉਂ ਢਿੱਲ ਕਰਦਾ ਹੈਂ? ਉੱਠ ਅਤੇ ਉਹਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ'' (22:16)!

## ਸਰਮਨ ਨੋਟਸ

ਹਨਨਿਆਹ ਉੱਤੇ ਇਕ ਦਿਲਚਸਪ ਸੰਦੇਸ਼ ਦਿੱਤਾ ਜਾ ਸਕਦਾ ਹੈ। ''ਇਕ ਚੇਲਾ'' ਵਧੀਆ ਸਿਰਲੇਖ ਹੋਵੇਗਾ (9:10)। ਇਹ ਧਿਆਨ ਦਿੱਤਾ ਜਾ ਸਕਦਾ ਹੈ ਕਿ ਜਿੱਥੋਂ ਤਕ ਲਿਖੇ ਹੋਏ ਦੀ ਗੱਲ ਹੈ, ਉਹ ਕਲੀਸੀਆ ਦਾ ''ਇਕ ਆਮ ਮੈਂਬਰ'' ਹੀ ਸੀ, ਪਰ ਖ਼ੁਦਾ ਵੱਲੋਂ ਅਚਰਜ ਢੰਗ ਨਾਲ ਵਰਤੇ ਜਾਣ ਲਈ ਹਾਜ਼ਰ ਸੀ।

ਟਿੱਪਣੀਆਂ

[1]ਦਾਹਮਰ ਦੀ ਕਹਾਣੀ ਦੀ ਥਾਂ ਸੁਣਨ ਵਾਲਿਆਂ ਲਈ ਕਿਸੇ ਹੋਰ ਮਿਲਦੀ ਜੁਲਦੀ ਪ੍ਰਸਿੱਧ ਘਟਨਾ ਦੀ ਵਰਤੋਂ ਕੀਤੀ ਜਾ ਸਕਦੀ ਹੈ। [2]ਮੈਲਿਸਾ ਪ੍ਰਿਚਰਡ ਲੈਸਟਰ, ''ਦ ਕੱਰੇਜ ਟੂ ਕਨਵਰਟ,'' *ਕ੍ਰਿਸ਼ਚਿਅਨ ਵੂਮੈਨ* (ਮਾਰਚ/ਅਪ੍ਰੈਲ 1995): 64. [3]ਰੌਏ ਰੈਟਕਲਿੱਫ਼, ''ਦ ਬੈਪਟਿਜ਼ਮ ਆਫ਼ ਜੈਫ਼ਰੀ ਦਾਹਮਰ,'' *ਕ੍ਰਿਸ਼ਚਿਅਨ ਵੂਮੈਨ* (ਮਾਰਚ/ਅਪ੍ਰੈਲ 1995): 16. [4]ਲੈਸਟਰ, 64. [5]ਉਹ ਅੰਨ੍ਹਾ ਸੀ, ਗੁਆਚਿਆ ਹੋਇਆ ਸੀ ਅਤੇ ਉਹਨੂੰ ਇਹ ਪਤਾ ਨਹੀਂ ਸੀ ਕਿ ਕੀ ਕਰਨਾ ਹੈ। ''ਹਨ੍ਹੇਰੇ ਵਿਚ ਰੱਖਿਆ'' ਅਲੰਕਾਰਕ ਭਾਸ਼ਾ ਹੋ ਸਕਦੀ ਹੈ ਜਿਹਦਾ ਮਤਲਬ ਹੈ ''ਅਗਿਆਨਤਾ ਵਿਚ ਰਹਿਣ ਦਿੱਤਾ।'' ਇੱਕੋ ਇਕ ''ਰੌਸ਼ਨੀ'' ਜੋ ਇਨ੍ਹਾਂ ਤਿੰਨ ਦਿਨਾਂ ਦੌਰਾਨ ਸੌਲੁਸ ਨੂੰ ਮਿਲੀ ਉਹ ਉਸ ਨੂੰ ਦੱਸਣ ਲਈ ਇਕ ਦਰਸ਼ਣ ਸੀ ਕਿ ਹਨਨੀਆਹ ਆ ਰਿਹਾ ਹੈ (9:12)। [6]ਕਈ ਲੋਕਾਂ ਦਾ ਸੁਝਾਅ ਹੈ ਕਿ ਹਨ੍ਹੇਰੇ ਦੇ ਤਿੰਨ ਦਿਨ ''ਸੌਲੁਸ ਨੂੰ ਆਪਣੇ ਪਾਪਾਂ ਤੇ ਨਜ਼ਰ ਮਾਰਨ ਦੀ'' ਸਜ਼ਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੌਲੁਸ ਨੇ ਉਨ੍ਹਾਂ ਤਿੰਨ ਦਿਨਾਂ ਵਿਚ ਦੁੱਖ ਝੱਲਿਆ ਹੋਵੇਗਾ, ਪਰ ਇਹ ਕਹਿਣਾ ਕਿ ਦੇਰੀ ਦਾ ਮੁੱਖ ਉਦੇਸ਼ ਇਹੀ ਸੀ, ਪ੍ਰਭੂ ਦੀ ਕਿਰਪਾ ਨਾਲ ਮੇਲ ਨਹੀਂ ਖਾਂਦਾ। [7]ਅਗਲੇ ਪਾਠ ਵਿਚ 9:21 ਤੇ ਨੋਟਸ ਵੇਖੋ। [8]ਮੈਂ ਇਸ ਅਰਥ ਵਿਚ ਕਿ ਹਨਨੀਆਹ ਨੇ ਸੌਲੁਸ ਨੂੰ ਪ੍ਰਭੂ ਦਾ ਸੁਨੇਹਾ ਦਿੱਤਾ, ''ਪ੍ਰਚਾਰਕ'' ਸ਼ਬਦ ਦੀ ਵਰਤੋਂ ਕਰਦਾ ਹਾਂ। ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਹਨਨੀਆਹ ਪੂਰਾ ਸਮਾਂ (ਫੁੱਲ ਟਾਈਮ) ਪ੍ਰਚਾਰ ਕਰਨ ਵਾਲਾ ਸੀ। [9]''ਹਨਨੀਆਹ'' ਨਾਮ ਦਾ ਅਰਥ ਹੈ ''ਯਹੋਵਾਹ ਕਿਰਪਾਲੂ ਰਿਹਾ ਹੈ,'' ਜੋ ਉਸ ਆਦਮੀ ਲਈ ਢੁਕਦਾ ਹੈ ਜਿਸ ਨੇ ਸੌਲੁਸ ਨੂੰ ਪ੍ਰਮੇਸ਼ਵਰ ਦੀ ਕਿਰਪਾ ਦੇਣੀ ਸੀ। [10]ਮਸੀਹੀਅਤ ਨੂੰ ਅਪਣਾਉਣ ਤੋਂ ਪਹਿਲਾਂ ਉਹ ਇਕ ਚੰਗਾ ਯਹੂਦੀ ਸੀ ਅਤੇ *ਅਜੇ ਵੀ* ਯਹੂਦੀਆਂ ਵਿਚ ਉਹਦਾ ਸਤਿਕਾਰ ਸੀ। ਸ਼ਾਇਦ ਉਹਨੂੰ ਇਸ ਲਈ ਚੁਣਿਆ ਗਿਆ ਕਿਉਂਕਿ ਉਹਦੇ ਪ੍ਰਤੀ ਯਹੂਦੀਆਂ ਦੇ ਸਤਿਕਾਰ ਨੇ ਸੌਲੁਸ ਦੀ ਮਨਬਦਲੀ ਬਾਰੇ ਯਹੂਦੀ ਸਮਾਜ ਵਿਚ ਉਹਦੀ ਗਵਾਹੀ ਉੱਤੇ ਜ਼ਿਆਦਾ ਵਿਸ਼ਵਾਸ ਕਰਨਾ ਸੀ।

[11]ਇਹ ਟਿੱਪਣੀਆਂ 15 ਸਤੰਬਰ 1985 ਨੂੰ ਸਦਰਨ ਹਿਲਜ਼ ਚਰਚ ਆਫ਼ ਕ੍ਰਾਈਸਟ, ਅਬਿਲੇਨ, ਟੈਕਸਸ ਵਿਚ ਦਿੱਤੇ ਗਏ ਰਿਕ ਐਚਲੇ ਦੇ ਸੰਦੇਸ਼ ''ਫ੍ਰਾਮ ਬ੍ਰਦਰ ਟੂ ਬ੍ਰਦਰ'' ਵਿੱਚੋਂ ਲਈਆਂ ਗਈਆਂ। [12]ਹਨਨੀਆਹ ਨੇ ਯਰੂਸ਼ਲਮ ਵਿਚ ਕੀਤੇ ਗਏ ਸੌਲੁਸ ਵੱਲੋਂ ਕਲੀਸੀਆ ਉੱਤੇ ਹੋਣ ਵਾਲੇ ਜ਼ੁਲਮ ਬਾਰੇ ''ਸੁਣਿਆ'' ਸੀ, ਇਸ ਲਈ ਸਪਸ਼ਟ ਹੈ ਕਿ ਉਹ ਰਸੂਲਾਂ ਦੇ ਕੰਮ 8 ਅਧਿਆਇ ਵਿਚਲੇ ਖਿੰਡ ਪੁੰਡ ਜਾਣ ਵਾਲਿਆਂ ਵਿਚ ਨਹੀਂ ਸੀ। ਇਹ ਵੀ ਹੋ ਸਕਦਾ ਹੈ ਕਿ ਉਸ ਨੂੰ ਵੀ ਉਨ੍ਹਾਂ ਵਿੱਚੋਂ ਹੀ ਕਿਸੇ ਨੇ ਬਦਲਿਆ ਹੋਵੇ। [13]ਰਸੂਲਾਂ ਦੇ ਕੰਮ ਕਿਤਾਬ ਵਿਚ ਮਸੀਹੀ ਲੋਕਾਂ

ਲਈ ''ਸੰਤ'' ਸ਼ਬਦ ਦੀ ਵਰਤੋਂ ਇੱਥੇ ਪਹਿਲੀ ਵਾਰ ਹੋਈ ਹੈ (ਰਸੂਲਾਂ ਦੇ ਕੰਮ 9:32, 41; 26:10 ਵੀ ਵੇਖੋ)। ਅਰਥਾਵਲੀ ਵਿਚ ਵੇਖੋ ''ਸੰਤ।'' [14]ਵਿਦਵਾਨਾਂ ਦੀ ਦਿਲਚਸਪੀ ਇਹ ਜਾਣਨ ਵਿਚ ਰਹੀ ਹੈ ਕਿ ਹਨਨੀਆਹ ਨੂੰ ਇਹ ਪਤਾ ਕਿਵੇਂ ਲੱਗਾ। ਕਈਆਂ ਨੇ ਖੋਜ ਕੀਤੀ ਹੈ ਕਿ ਮਸੀਹੀ ਲੋਕ ਭੱਜ ਕੇ ਸੌਲੁਸ ਅਤੇ ਉਹਦੀ ਟੋਲੀ ਤੋਂ ਪਹਿਲਾਂ ਦਮਿਸ਼ਕ ਵਿਚ ਪਹੁੰਚ ਗਏ ਸਨ। ਸ਼ਹਿਰ ਦਾ ਹਰ ਬੰਦਾ ਸੌਲੁਸ ਅਤੇ ਉਹਦੇ ਬਣਾਏ ਮਨਸੂਬਿਆਂ ਦੀਆਂ ਹੀ ਗੱਲਾਂ ਕਰ ਰਿਹਾ ਸੀ (ਵੇਖੋ ਆਇਤ 21)। [16]*ਲਿਖਤ ਵਿਚ* ਇੱਥੇ ਪਹਿਲੀ ਵਾਰ ਪ੍ਰਮੇਸ਼ਵਰ ਦੀ ਯੋਜਨਾ ਵਿਚ ਪਰਾਈਆਂ ਕੌਮਾਂ ਦਾ ਜ਼ਿਕਰ ਆਇਆ ਹੈ। ਪਰ, ਕਾਲਕ੍ਰਮ ਮੁਤਾਬਕ ਪਹਿਲੀ ਵਾਰ 26:17 ਵਿਚ ਆਉਂਦਾ ਹੈ, ਸੋ ਪਰਾਈਆਂ ਕੌਮਾਂ ਲਈ ਮੇਰੀਆਂ ਟਿੱਪਣੀਆਂ ਪਹਿਲਾਂ, 26:17 ਦੀ ਚਰਚਾ ਨਾਲ ਦਿੱਤੀਆਂ ਗਈਆਂ ਸਨ। [15]ਯੂਨਾਨੀ ਸ਼ਬਦ ਦੇ ਅਨੁਵਾਦ ''ਵਸੀਲਾ'' ਦਾ ਅਰਥ ''ਬਰਤਨ'' ਹੈ ਅਤੇ ਇਹ ਕੀਮਤੀ ਸਮਾਨ (ਇੰਜੀਲ) ਰੱਖਣ ਲਈ ਕੀਮਤੀ ਬਰਤਨ (ਸੌਲੁਸ) ਵੱਲ ਇਸ਼ਾਰਾ ਕਰਦਾ ਹੈ। ਪੌਲੁਸ ਨੇ ਬਾਅਦ ਵਿਚ ਆਪਣੇ ਆਪ ਨੂੰ ਹੋਰ ਜ਼ਿਆਦਾ ਦੀਨ ਭੂਮਿਕਾ ਵਿਚ ਵਿਖਾਉਂਦਿਆਂ ਇਸ ਅਲੰਕਾਰ ਦੀ ਵਰਤੋਂ ਕੀਤੀ (2 ਕੁਰਿੰਥੀਆਂ 4:7)। [17]*ਮਹਾਂਕਸ਼ਟ ਅਤੇ ਅਨੰਦ* ਇਰਵਿੰਗ ਸਟੋਨ ਦੇ ਅੰਗ੍ਰੇਜ਼ੀ ਨਾਵਲ *ਐਗਨੀ ਐਂਡ ਦ ਐਕਸਟੇਸੀ* ਦਾ ਅਨੁਵਾਦ ਹੈ। [18]ਰਸੂਲਾਂ ਦੇ ਕੰਮ 25:11, 12. ਉਸ ਵਕਤ ਨੀਰੋ ਕੈਸਰ ਦੀ ਗੱਦੀ ਤੇ ਸੀ। ਰਸੂਲਾਂ ਦੇ ਕੰਮ ਕਿਤਾਬ ਪੌਲੁਸ ਦੇ ਨੀਰੋ ਵੱਲੋਂ ਮੁਕੱਦਮਾ ਚਲਾਉਣ ਤੋਂ ਪਹਿਲਾਂ ਪੂਰੀ ਹੋ ਜਾਂਦੀ ਹੈ, ਪਰ ਸਾਨੂੰ ਪਤਾ ਹੈ ਕਿ ਇਹ ਪੌਲੁਸ ਨਾਲ ਕੀਤੇ ਪ੍ਰਭੂ ਦੇ ਵਾਅਦੇ ਕਾਰਣ ਹੋਇਆ (27:23, 24)। [19]ਯਿਸੂ ਨੇ ਗਲਤ ਤਸਵੀਰ ਨਹੀਂ ਵਿਖਾਈ ਸੀ ਕਿ ਪ੍ਰਭੂ ਦੀ ਚੁਣੌਤੀ ਨੂੰ ਕਬੂਲ ਕਰਨ ਦਾ ਫ਼ੈਸਲਾ ਕਰਕੇ ਸੌਲੁਸ ਨੂੰ ਕੀ ਉਮੀਦ ਕਰਨੀ ਚਾਹੀਦੀ ਸੀ। ਨਾ ਹੀ ਸਾਨੂੰ ਆਪਣੇ ਮਨ ਵਿਚ ਇਹ ਵਿਸ਼ਵਾਸ ਕਰਨ ਦੀ ਤਸਵੀਰ ਬਣਾਉਣੀ ਚਾਹੀਦੀ ਹੈ ਕਿ ਜੇ ਲੋਕ ਮਸੀਹ ਨੂੰ ਕਬੂਲ ਕਰਦੇ ਹਨ ਤਾਂ ਉਨ੍ਹਾਂ ਨੂੰ ਕੋਈ ਪਰੇਸ਼ਾਨੀ ਨਹੀਂ ਆਵੇਗੀ (ਵੇਖੋ 14:22)। ਸੌਲੁਸ ਦੇ ਦੁੱਖ ਦੇ ਸਬੰਧ ਵਿਚ ਯਿਸੂ ਦੀ ਗੱਲ ਦਾ ਕੁਝ ਹਿੱਸਾ ਪੂਰਾ ਹੋਣ ਲਈ, ਵੇਖੋ 2 ਕੁਰਿੰਥੀਆਂ 11:23-28. [20]ਇਹ ਅੰਦਾਜ਼ਾ ਲਾਉਣਾ ਜ਼ਰੂਰੀ ਹੈ ਕਿ ''ਹਨਨੀਆਹ ਨੂੰ ਚੰਗਾਈ ਦੇਣ ਦੀ ਕਾਬਲੀਅਤ ਕਿਵੇਂ ਮਿਲੀ।'' ਇਹ ਸਰੀਰਕ ਚੰਗਾਈ ਦਾ ਕੋਈ ਮੋਅਜਜ਼ਾ ਨਹੀਂ ਸੀ। ਅੰਨ੍ਹਾ ਹੋਣਾ ਖ਼ੁਦਾ ਵੱਲੋਂ ਤਾਂ ਹੈ ਹੀ ਸੀ, ਉਹਦਾ ਸੁਜਾਖਾ ਹੋਣਾ ਵੀ ਖ਼ੁਦਾ ਵੱਲੋਂ ਹੀ ਸੀ। ਜੋ ਕੁਝ ਹਨਨੀਆਹ ਨੇ ਕੀਤਾ ਅਤੇ ਕਿਹਾ, ਉਹ ਸਭ ਕਰਨ ਵਿਚ ਉਹ ਪ੍ਰਭੂ ਦਾ ਨੁਮਾਇੰਦਾ ਸੀ। ਇਹ ਤਾਂ ਇੰਜ ਸੀ ਜਿਵੇਂ ਮਸੀਹ ਆਪ ਗੱਲ ਅਤੇ ਕੰਮ ਕਰ ਰਿਹਾ ਹੋਵੇ।

[21]''ਭਾਈ'' ਸ਼ਬਦ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਸੌਲੁਸ ਪਹਿਲਾਂ ਹੀ ਬਚਾਇਆ ਜਾ ਚੁਕਿਆ ਸੀ। ਯਹੂਦੀਆਂ (ਸਗੋਂ ਯਹੂਦੀ ਮਸੀਹੀਆਂ) ਲਈ ਸਾਥੀ ਯਹੂਦੀਆਂ (ਬਲਕਿ ਗੈਰ ਮਸੀਹੀ ਯਹੂਦੀਆਂ) ਨੂੰ ਸੰਬੋਧਿਤ ਕਰਨ ਲਈ ''ਭਾਈ'' (22:1) ਸ਼ਬਦ ਦੀ ਵਰਤੋਂ ਆਮ ਸੀ। ਪਰ, ਪਿਆਰ ਨਾਲ ''ਭਾਈ'' ਸ਼ਬਦ ਨਾਲ ਹਨਨੀਆਹ ਵੱਲੋਂ *ਪੌਲੁਸ ਦੀ ਮਨਬਦਲੀ* ਦਾ ਸੰਕੇਤ ਮਿਲ ਸਕਦਾ ਹੈ। [22]''ਛਿਲਕੇ ਜਿਹੇ ਡਿੱਗੇ'' ਵਾਕਾਂਸ਼ ਤੋਂ ਸੰਕੇਤ ਮਿਲਦਾ ਹੈ ਕਿ ਸੌਲੁਸ ਦੇ ਸੁਜਾਖਾ ਹੋਣ ਵੇਲੇ ਕੁਝ ਅਜਿਹਾ ਹੋਇਆ ਜਿਸ ਨੂੰ ਉੱਥੇ ਮੌਜੂਦ ਲੋਕਵੇਖਸਕਦੇ ਸਨ। [23]ਇਸ ਤੋਂ ਅੰਦਾਜ਼ਾ ਲਗਦਾ ਹੈ ਕਿ ਇਹ ਸ਼ਬਦ ਯਿਸੂ ਵੱਲੋਂ ਰਾਹ ਵਿਚ ਬੋਲੇ ਗਏ ਸਨ। 26:16-18 ਤੇ ਨੋਟਸ ਵੇਖੋ। [24]''ਧਰਮੀ'' ਯਿਸੂ ਨੂੰ ਕਿਹਾ ਗਿਆ ਹੈ (3:14; 7:52)। [25]ਹਨਨੀਆਹ ਨੇ ਖ਼ਾਸ ਤੌਰ ਤੇ ਪਰਾਈਆਂ ਕੌਮਾਂ ਦਾ ਜ਼ਿਕਰ ਨਹੀਂ ਕੀਤਾ, ਪਰ ਉਹ ''ਸਭ ਮਨੁੱਖਾਂ'' ਵਿਚ ਸ਼ਾਮਲ ਹੋਣਗੇ। [26]''ਗਵਾਹ ... ਤੈਂ ਵੇਖੀਆਂ ਅਤੇ ਸੁਣੀਆਂ ਹਨ'' ਵਾਕਾਂਸ਼ ''ਗਵਾਹ'' ਸ਼ਬਦ ਦੇ ਮੁੱਖ ਅਰਥ ਲਈ ਬਾਈਬਲ ਦੀਆਂ ਸਭ ਤੋਂ ਉੱਤਮ ਵਿਆਖਿਆਵਾਂ ਵਿੱਚੋਂ ਇਕ ਹੈ। [27]''ਉਹਦਾ ਨਾਮ ਲੈਂਦਾ ਹੋਇਆ'' ਵਿਚ ਉਹ ਸਾਰੀ ਮੰਜ਼ੂਰੀ ਸ਼ਾਮਲ ਹੈ ਜੋ ਮਸੀਹ ਵਿਚ ਹੈ। ਕੁਝ ਢੰਗ ਜਿਨ੍ਹਾਂ ਵਿਚ ਇਹ ਬਪਤਿਸਮੇ ਵੇਲੇ ਵਿਖਾਇਆ ਜਾਂਦਾ ਹੈ, ਇਹ ਹਨ (1) ਬਪਤਿਸਮੇ ਤੋਂ ਪਹਿਲਾਂ ਉਹਦੇ ਨਾਮ ਦਾ ਇਕਰਾਰ ਅਤੇ (2) ਬਪਤਿਸਮੇ ਸਮੇਂ ਮਦਦ ਲਈ ਉਹਦਾ ਨਾਮ ਲੈਣਾ। ਬਪਤਿਸਮਾ ਲੈਣ ਦੇ *ਬਾਅਦ* ਵੀ ਸਾਡੇ ਲਈ ''ਉਹਦਾ ਨਾਮ ਲੈਣਾ'' ਜਾਰੀ ਰੱਖਣਾ ਜ਼ਰੂਰੀ ਹੈ (9:14 ਵਿਚ ਮਸੀਹੀ ਲੋਕਾਂ ਦੀ ਤਸਵੀਰ ਵੇਖੋ; ਮੱਤੀ 10:32, 33 ਵੀ ਵੇਖੋ)। [28]ਸੌਲੁਸ ਦਾ ਪਾਪਾਂ ਤੋਂ ਤੌਬਾ ਕਰਨਾ ਤਿੰਨ ਦਿਨਾਂ ਵਿਚਲੀ ਪ੍ਰਮੇਸ਼ਵਰ ਭਗਤੀ ਦੀ ਉਹਦੀ ਉਦਾਸੀ ਤੋਂ ਸਪਸ਼ਟ ਹੈ। [29]ਕਥਿਤ ''ਪਾਪ ਮਾਫ਼ ਕਰਨ ਵਾਸਤੇ ਪਾਪੀ ਦੀ ਪ੍ਰਾਰਥਨਾ'' ਅਜਿਹੀ ਪ੍ਰਾਰਥਨਾ ਹੈ ਜੋ ਬਾਈਬਲ ਵਿਚ ਨਹੀਂ ਮਿਲਦੀ, ਇਸ ਵਿਚ ਪ੍ਰਮੇਸ਼ਵਰ ਤੋਂ ਯਿਸੂ ਨੂੰ ਮੁਕਤੀਦਾਤਾ ਮੰਨਣ ਦੇ ਅਧਾਰ ਤੇ ਮਾਫ਼ੀ ਮੰਗੀ ਜਾਂਦੀ ਹੈ। ਇਹ ਪ੍ਰਾਰਥਨਾ ਮਨੁੱਖਾਂ ਵੱਲੋਂ ਬਣਾਈ ਗਈ ਹੈ, ਖ਼ੁਦਾ ਵੱਲੋਂ ਨਹੀਂ। [30]ਕੁਝ ਲੋਕ ਆਖਦੇ ਹਨ ਕਿ ਸਿਰ ਉੱਤੇ ਪਾਣੀ ਛਿੜਕ ਕੇ ਜਾਂ ਡੋਲ੍ਹ ਕੇ ਬਪਤਿਸਮਾ ਦਿੱਤਾ ਜਾ ਸਕਦਾ ਹੈ। ਜੇ ਇੰਜ ਹੁੰਦਾ, ਤਾਂ ਸੌਲੁਸ ਪੂਰੀ ਤਰ੍ਹਾਂ ਨਾਲ ਉਹਦੇ ਲਈ ਇਸ ਸਰੀਰਕ ਅਵਸਥਾ ਵਿਚ ਸੀ, ਪਰ ਹਨਨੀਆਹ ਨੇ ਕਿਹਾ, ''*ਉੱਠ,* ਬਪਤਿਸਮਾ ਲੈ।'' ਬਪਤਿਸਮਾ ਲੈਣ ਲਈ ਸੌਲੁਸ ਲਈ ਉੱਠਣਾ ਅਤੇ ਕੁਝ ਕਰਨਾ ਜ਼ਰੂਰੀ ਸੀ ਕਿਉਂਕਿ ''ਬਪਤਿਸਮਾ'' ਸ਼ਬਦ ਦਾ ਅਰਥ ਹੀ ''ਡੁਬਕੀ'' ਹੈ।

[31]ਮੇਰਾ ਇਕ ਦੋਸਤ ਕਹਿੰਦਾ ਹੈ ਕਿ ਉਹਨੇ ਕਈਆਂ ਲੋਕਾਂ ਲਈ ਕੰਮ ਕੀਤਾ ਹੈ ਜੋ ਆਪਣੀ ਗਲਤੀ ਮੰਨਣ

ਤੋਂ ਪਹਿਲਾਂ ਮਰ ਜਾਣਗੇ। [32]ਤੁਲਨਾ 2 ਰਾਜਿਆਂ 5:12. ਕਈ ਤਲਾਅ ਵੀ ਹੈ ਸਨ। [33]''ਨਾਲ ਭਰਪੂਰ'' ਦਾ ਅਰਥ ਹੈ ''ਦੁਆਰਾ ਚਲਾਇਆ ਜਾਣਾ।'' ਇਹਦੀ ਵਰਤੋਂ ਚਮਤਕਾਰੀ ਜਾਂ ਗੈਰ ਚਮਤਕਾਰੀ ਅਰਥ ਵਿਚ ਹੋ ਸਕਦੀ ਹੈ (ਅਫ਼ਸੀਆਂ 5:18)। ਕਿਤੇ, ਸੌਲੁਸ/ਪੌਲੁਸ ਚਮਤਕਾਰੀ ਅਰਥ ਵਿਚ ''ਆਤਮਾ ਨਾਲ ਭਰਪੂਰ'' ਸੀ। ਅਸੀਂ ਇਹ ਨਹੀਂ ਕਹਿ ਸਕਦੇ ਕਿ ਹਨਨੀਆਹ ਦੇ ਉਹਦੇ ਕੋਲ ਆਉਣ ਨਾਲ ਸੌਲੁਸ ਨੂੰ ਮੋਅਜਜ਼ੇ ਕਰਨ ਦੀਆਂ ਯੋਗਤਾਵਾਂ ਮਿਲੀਆਂ ਜਾਂ ਨਹੀਂ, ਪਰ *ਯਕੀਨਨ* ਹੀ ਬਪਤਿਸਮਾ ਲੈਣ ਸਮੇਂ ਉਹਨੂੰ ਦਾਨ ਦੇ ਰੂਪ ਵਿਚ ਆਤਮਾ ਮਿਲਿਆ ਸੀ। ਅਸੀਂ ਇਹ ਕਹਿ ਸਕਦੇ ਹਾਂ ਕਿ ਉਹ ਆਤਮਾ ਦਾ ਵਾਸ ਹੀ ਸੀ ਜੋ ਹਨਨੀਆਹ ਦੇ ਉਹਦੇ ਮਨ ਵਿਚ ਸੀ ਜਦ ਉਹਨੇ ਸੌਲੁਸ ਦੇ ''ਆਤਮਾ ਨਾਲ ਭਰਪੂਰ'' ਹੋਣ ਦੀ ਗੱਲ ਕੀਤੀ। [34]ਮਾਲੀ ਘਾਹ-ਫੂਸ ਕੱਢ ਦਿੰਦਾ ਹੈ ਤਾਂ ਜੋ ਫੁੱਲ ਵਧ ਸਕਣ, ਅਤੇ ਅਸੀਂ ਹਨੇਰੇ ਨੂੰ ਭਜਾਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਜੋ ਰੌਸ਼ਨੀ ਹੋ ਜਾਵੇ।